ਨੰਗਲ,12, ਫਰਵਰੀ: ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਬੀਬੀਐਮਬੀ ਵਰਕਰਜ਼ ਯੂਨੀਅਨ ਰਜਿ ਨੰਗਲ ਦੀ ਵਿਸ਼ੇਸ਼ ਮੀਟਿੰਗ ਮੰਗਤ ਰਾਮ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਜਨਰਲ ਸਕੱਤਰ ਦਿਆਨੰਦ ਜੋਸ਼ੀ ਨੇ ਦੱਸਿਆ ਕਿ ਮੈਨੇਜਮੈਂਟ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਵਿਰੁੱਧ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ਾਂ ਵਿੱਚ ਜਵਾਨ ਹੋਈ ਵਰਕਰਜ਼ ਯੂਨੀਅਨ ਜਿਸ ਦਾ ਵਿਸ਼ੇਸ਼ ਚੋਣ ਅਜਲਾਸ 19 ਫਰਵਰੀ ਨੂੰ ਕੀਤਾ ਜਾਵੇਗਾ। ਜਿਸ ਵਿੱਚ ਰੈਗੂਲਰ ਹੋਣ ਤੱਕ ਦੇ ਸਫਰ ਤੇ ਸੰਗੀ ਰਹੇ ਸਮੁੱਚੇ ਪਰਿਵਾਰਾਂ ਦੀ ਵੀ ਸ਼ਮੂਲੀਅਤ ਕਰਵਾਈ ਜਾਵੇਗੀ, ਜਿਸ ਵਿੱਚ ਕੌਮੀ ਤੇ ਕੌਮਾਂਤਰੀ ਹਾਲਤਾਂ ਦੇ ਵਿਸ਼ੇਸ਼ ਚਰਚਾ ਕਰਦੇ ਹੋਏ ਇਸਦੇ ਮਜ਼ਦੂਰ ਜਮਾਤ ਤੇ ਪੈਣ ਵਾਲੇ ਪ੍ਰਭਾਵਾਂ ਦੀ ਵਿਸਥਾਰ ਪੂਰਕ ਚਰਚਾ ਕੀਤੀ ਜਾਵੇਗੀ, ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਕਾਰਪੋਰੇਟ ਪੱਖੀ ਚਾਰ ਕਿਰਤ ਕੋਡ, ਬਿਜਲੀ ਬਿਲ 2025 , ਮੈਨੇਜ਼ਮੈਂਟ ਦੀਆਂ ਮੁਲਾਜ

ਸਰਦੀਆਂ ’ਚ ਜ਼ਰੂਰ ਪੀਓ ਹਲਦੀ ਵਾਲਾ ਦੁੱਧ, ਹੋਣਗੇ ਇਹ ਬੇਮਿਸਾਲ ਫ਼ਾਇਦੇ

ਆਪਣੇ ਔਸ਼ਦੀ ਗੁਣਾਂ ਨਾਲ ਭਰਪੂਰ ਹਲਦੀ ਸਿਹਤ ਲਈ ਵਰਦਾਨ ਹੈ। ਇਸ ’ਚ ਮੌਜੂਦ ਵਿਟਾਮਿਨ, ਕੈਲਸ਼ੀਅਮ, ਆਇਰਨ, ਐਂਟੀ-ਆਕਸੀਡੈਂਟ, ਐਂਟੀ-ਬੈਕਟੀਰੀਅਲ ਗੁਣ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵਧਾਉਣ ’ਚ ਮਦਦ ਕਰਦੇ ਹਨ। ਹਲਦੀ ਨੂੰ ਦੁੱਧ ’ਚ ਮਿਲਾ ਕੇ ਨਿਯਮਿਤ ਰੂਪ ਨਾਲ ਵਰਤੋਂ ਕਰਨਾ ਕਾਫ਼ੀ ਲਾਭਕਾਰੀ ਹੁੰਦਾ ਹੈ। ਇਸ ਦੀ ਵਰਤੋਂ ਨਾਲ ਜੋੜਾਂ ਦਾ ਦਰਦ, ਆਮ ਸਰਦੀ-ਜ਼ੁਕਾਮ ਆਦਿ ਤੋਂ ਰਾਹਤ ਮਿਲਦੀ ਹੈ। ਆਓ ਜਾਣਦੇ ਹਾਂ ਹਲਦੀ ਵਾਲੇ ਦੁੱਧ ਨਾਲ ਮਿਲਣ ਵਾਲੇ ਹੋਰ ਫ਼ਾਇਦਿਆਂ ਦੇ ਬਾਰੇ ’ਚ...

ਸਰਦੀ-ਜ਼ੁਕਾਮ

ਹਲਦੀ ’ਚ ਐਂਟੀ-ਬੈਕਟੀਰੀਅਲ, ਐਂਟੀ-ਆਕਸੀਡੈਂਟ, ਐਂਟੀ-ਵਾਇਰਲ ਗੁਣ ਮੌਜੂਦ ਹੁੰਦੇ ਹਨ। ਅਜਿਹੇ ’ਚ ਹਲਦੀ ਵਾਲਾ ਦੁੱਧ ਪੀਣ ਨਾਲ ਸਰਦੀ, ਖਾਂਸੀ-ਜ਼ੁਕਾਮ ਆਦਿ ਤੋਂ ਰਾਹਤ ਮਿਲਦੀ ਹੈ।

ਜੋੜਾਂ ’ਚ ਦਰਦ

ਔਸ਼ਦੀ ਗੁਣਾਂ ਨਾਲ ਭਰਪੂਰ ਹਲਦੀ ਵਾਲੇ ਦੁੱਧ ਦੀ ਵਰਤੋਂ ਕਰਨ ਨਾਲ ਹੱਡੀਆਂ ਨੂੰ ਮਜ਼ਬੂਤੀ ਮਿਲਦੀ ਹੈ। ਅਜਿਹੇ ’ਚ ਜੋੜਾਂ ਜਾਂ ਸਰੀਰ ’ਚ ਹੋਣ ਵਾਲੇ ਦਰਦ ਤੋਂ ਛੁਟਕਾਰਾ ਮਿਲਦਾ ਹੈ। ਗਠੀਏ ਦੀ ਸਮੱਸਿਆ ’ਚ ਇਸ ਦੀ ਵਰਤੋਂ ਕਾਫ਼ੀ ਫ਼ਾਇਦੇਮੰਦ ਹੁੰਦੀ ਹੈ।

ਇਮਿਊਨ ਸਿਸਟਮ

ਇਸ ’ਚ ਐਂਟੀ-ਇੰਫ਼ਲਾਮੈਂਟਰੀ, ਐਂਟੀ-ਆਕਸੀਡੈਂਟ, ਐਂਟੀ-ਬੈਕਟੀਰੀਅਲ ਗੁਣ ਭਾਰੀ ਮਾਤਰਾ ’ਚ ਪਾਏ ਜਾਂਦੇ ਹਨ। ਇਸ ਦੀ ਵਰਤੋਂ ਕਰਨ ਨਾਲ ਇਮਿਊਮ ਸਿਸਟਮ ਸਟਰਾਂਗ ਹੁੰਦਾ ਹੈ। ਇਸ ਦੇ ਨਾਲ ਹੀ ਸਰੀਰ ਨੂੰ ਇੰਫ਼ੈਕਸ਼ਨ ਅਤੇ ਬੀਮਾਰੀਆਂ ਦੇ ਹੋਣ ਦਾ ਖ਼ਤਰਾ ਘੱਟ ਰਹਿੰਦਾ ਹੈ।

ਖ਼ੂਨ ਕਰੇ ਸਾਫ਼

ਨਿਯਮਿਤ ਰੂਪ ਨਾਲ ਹਲਦੀ ਵਾਲਾ ਦੁੱਧ ਪੀਣ ਨਾਲ ਇਹ ਖ਼ੂਨ ਵਧਾਉਣ ਦੇ ਨਾਲ ਉਸ ਨੂੰ ਸਾਫ਼ ਕਰਨ ’ਚ ਮਦਦ ਕਰਦਾ ਹੈ। ਇਸ ਦੇ ਨਾਲ ਹੀ ਸਰੀਰ ’ਚ ਖ਼ੂਨ ਦਾ ਦੌਰਾ ਸਹੀ ਹੁੰਦਾ ਹੈ।

ਕੈਂਸਰ

ਹਲਦੀ ਵਾਲਾ ਦੁੱਧ ਸਿਹਤ ਲਈ ਬੇਹੱਦ ਲਾਭਕਾਰੀ ਹੈ। ਇਸ ’ਚ ਕੈਲਸ਼ੀਅਮ, ਆਇਰਨ, ਐਂਟੀ-ਆਕਸੀਡੈਂਟ, ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ। ਅਜਿਹੇ ’ਚ ਇਹ ਸਰੀਰ ’ਚ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਬਣਨ ਤੋਂ ਰੋਕਦਾ ਹੈ। ਇਸ ਨਾਲ ਕੈਂਸਰ ਵਰਗੀ ਗੰਭੀਰ ਬੀਮਾਰੀ ਲੱਗਣ ਦਾ ਖ਼ਤਰਾ ਘੱਟ ਹੁੰਦਾ ਹੈ।

ਤਣਾਅ

ਰੋਜ਼ਾਨਾ ਹਲਦੀ ਵਾਲਾ ਦੁੱਧ ਪੀਣ ਨਾਲ ਥਕਾਵਟ, ਸੁਸਤੀ ਅਤੇ ਤਣਾਅ ਦੂਰ ਹੁੰਦਾ ਹੈ। ਇੱਕ ਰਿਸਰਚ ਮੁਤਾਬਕ ਹਲਦੀ ਵਾਲੇ ਦੁੱਧ ਦੀ ਵਰਤੋਂ ਕਰਨ ਨਾਲ ਵਿਅਕਤੀ ਤਰੋਤਾਜ਼ਾ ਮਹਿਸੂਸ ਕਰਦਾ ਹੈ। ਅਜਿਹੇ ’ਚ ਸਰੀਰ ਨੂੰ ਆਰਾਮ ਮਿਲਣ ਦੇ ਨਾਲ ਖੁਸ਼ੀ ਦਾ ਅਹਿਸਾਸ ਹੁੰਦਾ ਹੈ।

ਆਓ ਜਾਣਦੇ ਹਾਂ ਹਲਦੀ ਵਾਲਾ ਦੁੱਧ ਬਣਾਉਣ ਦਾ ਤਰੀਕਾ

ਸਮੱਗਰੀ

ਹਲਦੀ- 1 ਟੀ ਸਪੂਨ

ਦੁੱਧ-1 ਕੱਪ

ਸ਼ਹਿਦ ਲੋੜ ਅਨੁਸਾਰ

ਵਿਧੀ

-ਸਭ ਤੋਂ ਪਹਿਲਾਂ ਇੱਕ ਪੈਨ ’ਚ ਦੁੱਧ ਗਰਮ ਕਰੋ।

-ਹੁਣ ਇਸ ’ਚ ਹਲਦੀ ਪਾ ਕੇ ਇੱਕ ਉਬਾਲ ਆਉਣ ਦਿਓ।

-ਤਿਆਰ ਦੁੱਧ ’ਚ ਸ਼ਹਿਦ ਮਿਲਾ ਕੇ ਠੰਡਾ ਕਰਕੇ ਪੀ ਲਓ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ ’ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡ਼ੇ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣਾ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ ’ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 ’ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

ਜਾਣੋ ਅੰਜੀਰ ਖਾਣ ਦੇ ਫ਼ਾਇਦੇ, ਅਸਥਮਾ ਸਮੇਤ ਇਨ੍ਹਾਂ ਬੀਮਾਰੀਆਂ ਤੋਂ ਦਿਵਾਉਂਦੀ ਹੈ ਨਿਜ਼ਾਤ

ਅੰਜੀਰ ’ਚ ਬਹੁਤ ਸਾਰੇ ਪੋਸ਼ਕ ਤੱਤ ਭਰਪੂਰ ਮਾਤਰਾ ’ਚ ਹੁੰਦੇ ਹਨ। ਇਸ ਨੂੰ ਇੱਕ ਫ਼ਲ ਦੇ ਰੂਪ ’ਚ ਵੀ ਖਾਧਾ ਜਾ ਸਕਦਾ ਹੈ ਅਤੇ ਸੁੱਕ ਜਾਣ ਤੋਂ ਬਾਅਦ ਵੀ ਇਸ ਨੂੰ ਇੱਕ ਡਰਾਈ ਫ਼ਰੂਟ ਦੇ ਰੂਪ ’ਚ ਖਾ ਸਕਦੇ ਹੋ। ਅੰਜੀਰ ’ਚ ਵਿਟਾਮਿਨ ਏ, ਸੀ, ਕੇ, ਬੀ ਦੇ ਨਾਲ-ਨਾਲ ਪੋਟਾਸ਼ੀਅਮ , ਮੈਗਨੀਸ਼ੀਅਮ, ਜਿੰਕ, ਕਾਪਰ, ਮੈਗਨੀਸ਼ੀਅਮ, ਆਇਰਨ ਅਤੇ ਕੈਲਸ਼ੀਅਮ ਭਰਪੂਰ ਮਾਤਰਾ ’ਚ ਪਾਇਆ ਜਾਂਦਾ ਹੈ।

ਅੱਜ ਅਸੀਂ ਤੁਹਾਨੂੰ ਰੋਜ਼ਾਨਾ ਅੰਜੀਰ ਖਾਣ ਦੇ ਫ਼ਾਇਦਿਆਂ ਬਾਰੇ ਦੱਸਾਂਗੇ।

ਅਨੀਮੀਆ: ਅੰਜੀਰ ’ਚ ਆਇਰਨ ਅਤੇ ਕੈਲਸ਼ੀਅਮ ਬਹੁਤ ਜ਼ਿਆਦਾ ਮਾਤਰਾ ’ਚ ਹੁੰਦਾ ਹੈ। ਇਹ ਅਨੀਮੀਆ ਦੀ ਬੀਮਾਰੀ ਨੂੰ ਦੂਰ ਕਰ ਦਿੰਦੀ ਹੈ। ਇਸ ਲਈ ਰੋਜ਼ਾਨਾ ਦੁੱਧ ਵਿੱਚ ਚਾਰ ਪੰਜ ਮੁਨੱਕੇ ਅਤੇ ਦੋ ਤਿੰਨ ਅੰਜੀਰ ਉਬਾਲ ਕੇ ਪੀ ਲਓ। ਇਸ ਨਾਲ ਖ਼ੂਨ ਬਣਦਾ ਹੈ ਅਤੇ ਖ਼ੂਨ ਦੀ ਕਮੀ ਦੂਰ ਹੋ ਜਾਂਦੀ ਹੈ।

ਕਬਜ਼ ਦੀ ਸਮੱਸਿਆ: ਅੰਜੀਰ ਕਬਜ਼ ਦੀ ਸਮੱਸਿਆ ਲਈ ਬਹੁਤ ਜ਼ਿਆਦਾ ਫ਼ਾਇਦੇਮੰਦ ਹੈ। ਇਸ ਨਾਲ ਪੁਰਾਣੀ ਤੋਂ ਪੁਰਾਣੀ ਕਬਜ਼ ਵੀ ਠੀਕ ਹੋ ਜਾਂਦੀ ਹੈ। ਇਸ ਦੇ ਲਈ ਰੋਜ਼ਾਨਾ ਤਿੰਨ-ਚਾਰ ਅੰਜੀਰ ਦੁੱਧ ’ਚ ਉਬਾਲ ਕੇ ਰਾਤ ਨੂੰ ਸੌਂਦੇ ਸਮੇਂ ਪੀਓ ਅਤੇ ਅੰਜੀਰ ਖਾ ਲਓ। ਇਸ ਨਾਲ ਕਬਜ਼ ਦੂਰ ਹੋ ਜਾਵੇਗੀ। ਇਸ ਦੇ ਨਾਲ-ਨਾਲ ਤਿੰਨ-ਚਾਰ ਅੰਜੀਰ ਰਾਤ ਨੂੰ ਪਾਣੀ ’ਚ ਭਿਓ ਕੇ ਰੱਖੋ ਅਤੇ ਸਵੇਰੇ ਖਾਲੀ ਪੇਟ ਇਹ ਅੰਜੀਰ ਖਾ ਲਓ। ਇਸ ਨਾਲ ਬਹੁਤ ਜਲਦ ਕਬਜ਼ ਦੀ ਸਮੱਸਿਆ ਦੂਰ ਹੋ ਜਾਵੇਗੀ।

ਜ਼ੁਕਾਮ ਦੀ ਸਮੱਸਿਆ: ਜੇਕਰ ਤੁਹਾਨੂੰ ਜ਼ੁਕਾਮ ਦੀ ਸਮੱਸਿਆ ਹੋ ਗਈ ਹੈ ਤਾਂ ਪਾਣੀ ’ਚ ਤਿੰਨ-ਚਾਰ ਅੰਜੀਰ ਪਾ ਕੇ ਚੰਗੀ ਤਰ੍ਹਾਂ ਉਬਾਲੋ ਅਤੇ ਇਸ ਪਾਣੀ ਨੂੰ ਛਾਣ ਕੇ ਗਰਮ-ਗਰਮ ਸਵੇਰੇ ਸ਼ਾਮ ਪੀਓ। ਇਸ ਨਾਲ ਜੁਕਾਮ ਠੀਕ ਹੋ ਜਾਂਦਾ ਹੈ।

ਬਵਾਸੀਰ ਦੀ ਸਮੱਸਿਆ: ਰੋਜ਼ਾਨਾ ਰਾਤ ਨੂੰ ਤਿੰਨ-ਚਾਰ ਸੁੱਕੇ ਅੰਜੀਰ ਪਾਣੀ ’ਚ ਭਿਓ ਕੇ ਰੱਖੋ ਅਤੇ ਸਵੇਰ ਸਮੇਂ ਖਾਲੀ ਪੇਟ ਮਸਲ ਕੇ ਖਾ ਲਓ। ਇਸ ਨਾਲ ਬਵਾਸੀਰ ਠੀਕ ਹੋ ਜਾਂਦਾ ਹੈ।

ਅਸਥਮਾ ਦੀ ਸਮੱਸਿਆ: ਜਿਨ੍ਹਾਂ ਲੋਕਾਂ ਨੂੰ ਅਸਥਮਾ ਉਨ੍ਹਾਂ ਲਈ ਅੰਜੀਰ ਬਹੁਤ ਜ਼ਿਆਦਾ ਫ਼ਾਇਦੇਮੰਦ ਹੈ। ਇਸ ਲਈ ਉਨ੍ਹਾਂ ਲੋਕਾਂ ਨੂੰ ਰੋਜ਼ਾਨਾ ਅੰਜੀਰ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਜਿਸ ਨਾਲ ਅਸਥਮਾ ਦੀ ਸਮੱਸਿਆ ਬਹੁਤ ਜਲਦ ਠੀਕ ਹੋ ਜਾਂਦੀ ਹੈ।

ਕਮਰ ਦਰਦ ਦੀ ਸਮੱਸਿਆ: ਅੰਜੀਰ ਸੁੱਢ ਧਨੀਆ ਇਹ ਸਭ ਬਰਾਬਰ ਮਾਤਰਾ ’ਚ ਮਿਲਾ ਕੇ ਰਾਤ ਨੂੰ ਪਾਣੀ ’ਚ ਭਿਓ ਦਿਓ ਅਤੇ ਸਵੇਰ ਸਮੇਂ ਇਸ ਪਾਣੀ ਨੂੰ ਉਬਾਲ ਕੇ ਪੀ ਲਓ। ਇਸ ਨਾਲ ਕਮਰ ਦਰਦ ਦੂਰ ਹੋ ਜਾਵੇਗਾ।

ਹੱਡੀਆਂ ਦੀ ਸਮੱਸਿਆ: ਅੰਜੀਰ ’ਚ ਕੈਲਸ਼ੀਅਮ ਬਹੁਤ ਜ਼ਿਆਦਾ ਮਾਤਰਾ ’ਚ ਹੁੰਦਾ ਹੈ। ਇਹ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ। ਇਸ ਲਈ ਜੇਕਰ ਤੁਹਾਨੂੰ ਹੱਡੀਆਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੈ ਤਾਂ ਰੋਜ਼ਾਨਾ ਦਿਨ ’ਚ ਚਾਰ-ਪੰਜ ਅੰਜੀਰ ਜ਼ਰੂਰ ਖਾਓ। ਇਸ ਨਾਲ ਤੁਹਾਨੂੰ ਬਹੁਤ ਜ਼ਿਆਦਾ ਫ਼ਾਇਦਾ ਹੋਵੇਗਾ।

ਤਣਾਅ ਦੀ ਸਮੱਸਿਆ: ਅੰਜੀਰ ’ਚ ਉਹ ਸਭ ਗੁਣ ਹੁੰਦੇ ਹਨ ਜੋ ਤਣਾਅ ਨੂੰ ਘੱਟ ਕਰਦੇ ਹਨ। ਇਸ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਘੱਟ ਹੁੰਦੇ ਹਨ। ਇਸ ਲਈ ਜੇਕਰ ਤੁਹਾਨੂੰ ਵੀ ਤਣਾਅ ਦੀ ਸਮੱਸਿਆ ਰਹਿੰਦੀ ਹੈ ਤਾਂ ਅੰਜੀਰ ਦੀ ਵਰਤੋਂ ਜ਼ਰੂਰ ਕਰੋ। ਇਸ ਨਾਲ ਤਣਾਅ ਦੀ ਸਮੱਸਿਆ ਦੂਰ ਹੋ ਜਾਵੇਗੀ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ ’ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡ਼ੇ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣਾ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ ’ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 ’ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

ਗਲੇ ’ਚ ਇਨ.ਫ਼ੈਕਸ਼ਨ ਅਤੇ ਦਰਦ ਹੋਣ ’ਤੇ ਅਪਣਾਓ ਇਹ ਘਰੇਲੂ ਨੁਸਖ਼ੇ



ਕਈ ਵਾਰ ਮੌਸਮ ਚ ਬਦਲਾਅ ਜਾਂ ਫ਼ਿਰ ਧੂੜ ਮਿੱਟੀ ਦੇ ਕਾਰਨ ਗਲਾ ਖ਼ਰਾਬ ਹੋ ਜਾਂਦਾ ਹੈ ਅਤੇ ਇਸ ’ਚ ਸੋਜ ਆ ਜਾਂਦੀ ਹੈ। ਜਿਸ ਨਾਲ ਖਾਣ ਪੀਣ ਅਤੇ ਬੋਲਣ ’ਚ ਬਹੁਤ ਜ਼ਿਆਦਾ ਪ੍ਰੇਸ਼ਾਨੀ ਹੁੰਦੀ ਹੈ। ਕਈ ਵਾਰ ਇਸ ਨਾਲ ਆਵਾਜ਼ ਵੀ ਬੈਠ ਜਾਂਦੀ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਸਮੱਸਿਆ ਹੁੰਦੀ ਹੈ। ਇਹ ਸਮੱਸਿਆ ਜ਼ਿਆਦਾਤਰ ਮੌਸਮ ਬਦਲਾਅ, ਠੰਢਾ ਪਾਣੀ, ਤਲਿਆ ਹੋਇਆ ਖਾਣਾ ਜਾਂ ਫ਼ਿਰ ਜ਼ਿਆਦਾ ਖੱਟੀਆਂ ਚੀਜ਼ਾਂ ਖਾਣ ਨਾਲ ਹੁੰਦੀ ਹੈ। ਅੱਜ ਅਸੀਂ ਤੁਹਾਡੇ ਲਈ ਕੁਝ ਘਰੇਲੂ ਨੁਸਖ਼ੇ ਲੈ ਕੇ ਆਏ ਹਾਂ ਜਿਸ ਨਾਲ ਗਲੇ ਦੀ ਸਮੱਸਿਆ ਦੂਰ ਹੋ ਜਾਵੇਗੀ।

ਲਸਣ: ਲਸਣ ’ਚ ਬਹੁਤ ਸਾਰੀਆਂ ਦਵਾਈਆਂ ਵਾਲੇ ਗੁਣ ਹੁੰਦੇ ਹਨ। ਇਸ ’ਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ। ਜੋ ਇਨਫ਼ੈਕਸ਼ਨ ਨੂੰ ਦੂਰ ਕਰਨ ਲਈ ਬਹੁਤ ਜ਼ਿਆਦਾ ਫ਼ਾਇਦੇਮੰਦ ਹੁੰਦੇ ਹਨ। ਜੇਕਰ ਤੁਹਾਡਾ ਗਲਾ ਬੈਠ ਜਾਵੇ ਤਾਂ ਲਸਣ ਦੀ ਇੱਕ ਕਲੀ ਲੈ ਕੇ ਆਪਣੇ ਮੂੰਹ ’ਚ ਰੱਖੋ ਅਤੇ ਚਬਾ-ਚਬਾ ਕੇ ਖਾਓ। ਦਿਨ ’ਚ ਦੋ-ਤਿੰਨ ਵਾਰ ਇਸ ਤਰ੍ਹਾਂ ਕਰੋ। ਗਲੇ ਦੇ ਦਰਦ ਤੋਂ ਆਰਾਮ ਮਿਲ ਜਾਵੇਗਾ।

ਗੰਢੇ ਦਾ ਰਸ: ਗਲੇ ’ਚ ਦਰਦ ਹੋਣ ਤੇ ਗੰਢੇ ਦਾ ਰਸ ਕੱਢ ਕੇ ਦੋ ਚਮਚ ਕੋਸੇ ਪਾਣੀ ’ਚ ਮਿਲਾ ਕੇ ਪੀਓ। ਇਸ ਨਾਲ ਗਲੇ ਦੀ ਸੋਜ ਘੱਟ ਹੋ ਜਾਂਦੀ ਹੈ ਅਤੇ ਗਲੇ ਦਾ ਦਰਦ ਦੂਰ ਹੋ ਜਾਂਦਾ ਹੈ।

ਨਿੰਬੂ ਦਾ ਰਸ: ਗਲੇ ਦੀ ਸੋਜ ਠੀਕ ਕਰਨ ਲਈ ਵਿਟਾਮਿਨ ਸੀ ਬਹੁਤ ਜ਼ਿਆਦਾ ਫ਼ਾਇਦੇਮੰਦ ਹੁੰਦਾ ਹੈ। ਇਸ ਲਈ ਇੱਕ ਗਿਲਾਸ ਕੋਸੇ ਪਾਣੀ ’ਚ ਥੋੜ੍ਹਾ ਜਿਹਾ ਲੂਣ ਅਤੇ ਨਿੰਬੂ ਦਾ ਰਸ ਮਿਲਾ ਕੇ ਗਰਾਰੇ ਕਰੋ। ਇਸ ਨਾਲ ਗਲੇ ਦੀ ਖਰਾਸ਼, ਦਰਦ ਅਤੇ ਸੋਜ ਬਿਲਕੁਲ ਠੀਕ ਹੋ ਜਾਵੇਗੀ। ਨੀਲਗਿਰੀ ਦਾ ਤੇਲ: ਨੀਲਗਿਰੀ ਦਾ ਤੇਲ ਸੋਜ ਨੂੰ ਬਹੁਤ ਜਲਦ ਠੀਕ ਕਰਦਾ ਹੈ। ਇਸ ਲਈ ਸੋਜ ਨੂੰ ਠੀਕ ਕਰਨ ਲਈ ਭਾਫ਼ ਲਓ। ਭਾਫ਼ ਲੈਣ ਲਈ ਪਾਣੀ ’ਚ ਦੋ ਬੂੰਦਾਂ ਨੀਲਗਿਰੀ ਤੇਲ ਦੀਆਂ ਮਿਲਾ ਲਓ ਅਤੇ ਇਸ ਪਾਣੀ ਦੀ ਭਾਫ਼ ਲਓ। ਦਿਨ ’ਚ ਦੋ-ਤਿੰਨ ਵਾਰ ਇਸ ਤਰ੍ਹਾਂ ਕਰੋ, ਗਲਾ ਠੀਕ ਹੋ ਜਾਵੇਗਾ। ਸੇਬ ਦਾ ਸਿਰਕਾ: ਗਲੇ ਦੀ ਖਰਾਸ਼ ਦਰਦ ਅਤ

ਸਿਹਤ ਦਾ ਖਜ਼ਾਨਾ

ਹਰੀਆਂ ਸਬਜ਼ੀਆਂ

ਅੱਜਕੱਲ੍ਹ ਇਸ ਭੱਜ-ਦੌੜ ਦੀ ਜ਼ਿੰਦਗੀ 'ਚ ਸਾਰੇ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਕਈ ਉਪਰਾਲੇ ਕਰਦੇ ਹਨ ਪਰ ਕੁਦਰਤੀ ਖਾਣੇ ਅਤੇ ਕਸਰਤ ਨੂੰ ਅਪਣਾਉਣ ਲਈ ਕੋਈ ਤਿਆਰ ਨਹੀਂ ਹੁੰਦਾ। ਅਸੀਂ ਜ਼ਿਆਦਾਤਰ ਬਾਜ਼ਾਰੀ ਖਾਣਾ-ਖਾਣ ਨੂੰ ਤਰਜੀਹ ਦਿੰਦੇ ਹਾਂ ਜੋ ਸਾਡੀ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਬਾਜ਼ਾਰਾਂ 'ਚ ਰੈਡੀਮੇਡ ਖੁਰਾਕ ਪਦਾਰਥ, ਫਾਸਟ ਫੂਡ ਇਨ੍ਹਾਂ ਸਭ ਦਾ ਮਨੁੱਖੀ ਜੀਵਨ 'ਚ ਬਹੁਤ ਜ਼ਿਆਦਾ ਇਸਤੇਮਾਲ ਹੋਣ ਲੱਗਾ ਹੈ। ਮਨੁੱਖ ਦੇ ਜੀਵਨ ਜਿਉਣ ਦੇ ਰੰਗ ਢੰਗ ਹੀ ਬਦਲ ਗਏ ਹਨ। ਜੇ ਅਸੀਂ ਇਨ੍ਹਾਂ ਹਲਾਤਾਂ ਤੋਂ ਬਚਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣਾ ਖਾਣ-ਪੀਣ ਬਦਲਣਾ ਚਾਹੀਦਾ ਹੈ ਤਾਂ ਹੀ ਸਾਡੀ ਜੀਵਨ ਪ੍ਰਣਾਲੀ 'ਚ ਸੁਧਾਰ ਹੋਵੇਗਾ ਅਤੇ ਅਸੀਂ ਆਪਣੀ ਸਿਹਤ ਨੂੰ ਕਾਇਮ ਰੱਖ ਸਕਦੇ ਹਾਂ। ਖਾਣੇ 'ਚ ਹਰੀਆਂ ਸਬਜ਼ੀਆਂ ਦਾ ਸੇਵਨ ਹੀ ਸਾਡੇ ਜੀਵਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਹਰੀਆਂ ਸਬਜ਼ੀਆਂ 'ਚੋਂ ਸਾਡੇ ਸਰੀਰ ਲਈ ਜ਼ਰੂਰੀ ਉਹ ਤੱਤ ਮਿਲ ਜਾਂਦੇ ਹਨ, ਜੋ ਸਾਡੇ ਸਰੀਰ ਨੂੰ ਰੋਗਾਂ ਨਾਲ ਲੜਨ ਦੀ ਸ਼ਕਤੀ ਪ੍ਰਦਾਨ ਕਰਦੇ ਹਨ। ਇਨ੍ਹਾਂ ਦੇ ਸੇਵਨ ਨਾਲ ਪਾਚਨਤੰਤਰ 'ਚ ਵਾਧਾ ਤੇ ਸਾਡੇ ਸਰੀਰ ਨੂੰ ਪੌਸ਼ਟਿਕਤਾ ਵੀ ਪ੍ਰਾਪਤ ਹੁੰਦੀ ਹੈ ਤੇ ਇਸ ਨਾਲ ਚਿਹਰੇ 'ਤੇ ਨਿਖ਼ਾਰ ਵੀ ਆ ਜਾਂਦਾ ਹੈ।

ਲਾਭ

- ਗੋਭੀ, ਆਲੂ, ਬੀਨਸ ਆਦਿ ਸਰੀਰ ਦੇ ਵੱਖ-ਵੱਖ ਭਾਗਾਂ, ਤੱਤਾਂ, ਮਾਤਰਾਵਾਂ ਨੂੰ ਪ੍ਰਭਾਵਿਤ ਕਰਦੇ ਹਨ।
- ਅਦਰਕ, ਧਨੀਆ, ਪੁਦੀਨਾ, ਹਰੀ ਮਿਰਚ ਸਬਜ਼ੀਆਂ ਦੇ ਤੱਤਾਂ ਅਤੇ ਸਵਾਦ ਨੂੰ ਵਧਾਉਣ 'ਚ ਮਦਦ ਕਰਦੇ ਹਨ।
- ਲਸਣ ਖ਼ੂਨ ਨੂੰ ਜੰਮਣ ਨਹੀਂ ਦਿੰਦਾ। ਇਸ ਲਈ ਦਿਲ ਰੋਗ 'ਚ ਫ਼ਾਇਦੇਮੰਦ ਹੈ।
- ਕਰੇਲਾ ਢਿੱਡ ਦੇ ਕੀੜੇ ਨਸ਼ਟ ਕਰਦਾ ਹੈ ਤੇ ਖ਼ੂਨ ਸੋਧ ਕੇ ਪਾਚਨ ਕਿਰਿਆ ਨੂੰ ਸਰਗਰਮ ਕਰਦਾ ਹੈ।
- ਟਮਾਟਰ ਸਰੀਰ 'ਚ ਖ਼ੂਨ ਦੀ ਮਾਤਰਾ ਵਧਾਉਂਦਾ ਹੈ।
- ਨਿੰਬੂ ਸਰੀਰ ਦੇ ਪਾਚਕ ਰਸਾਂ ਨੂੰ ਵਧਾਉਂਦਾ ਹੈ।
- ਪਾਲਕ ਹੱਡੀਆਂ ਨੂੰ ਕਾਲਸ਼ੀਅਮ ਨਾਲ ਮਜ਼ਬੂਤ ਕਰਦਾ ਹੈ।
- ਖੀਰਾ ਰਕਤ ਕਣਾਂ ਦੀ ਸੋਧ ਕਰਕੇ ਸਰੀਰ 'ਚ ਖ਼ੂਨ ਦਾ ਪ੍ਰਵਾਹ ਵਧਾਉਂਦਾ ਹੈ।
- ਪਰਮਲ ਸਰੀਰ ਨੂੰ ਊਰਜਾ ਦਿੰਦਾ ਹੈ।

ਨਿਯਮ

- ਪੱਤੇਦਾਰ ਸਬਜ਼ੀ ਘੱਟ ਤੱਤ ਨਾਲ ਭਰਪੂਰ ਹੁੰਦੀ ਹੈ। ਇਸ ਲਈ ਇਨ੍ਹਾਂ ਸਭ ਦੀ ਉਚਿਤ ਰੂਪ ਨਾਲ ਸਲਾਦ ਦੀ ਵਰਤੋਂ ਕਰੋ ਜਾਂ ਹਲਕੀ ਭਾਫ਼ 'ਚ ਥੋੜ੍ਹੀ ਦੇਰ ਪਕਾ ਕੇ ਘੱਟ ਮਸਾਲੇ ਨਾਲ ਸੇਵਨ ਕਰੋ।
- ਸਬਜ਼ੀ ਨੂੰ ਕੱਟਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋ ਲਓ। ਕੱਟਣ ਤੋਂ ਬਾਅਦ ਧੋਣ ਨਾਲ ਸਬਜ਼ੀ ਦੇ ਤੱਤ ਨਸ਼ਟ ਹੋ ਜਾਂਦੇ ਹਨ।
- ਸਬਜ਼ੀ ਪਕਾਉਂਦੇ ਸਮੇਂ ਜ਼ਿਆਦਾ ਤੇਲ ਦੀ ਵਰਤੋਂ ਨਾ ਕਰੋ।
- ਸਵਾਦ ਦੇ ਲਾਲਚ 'ਚ ਸਬਜ਼ੀਆਂ ਨੂੰ ਜ਼ਿਆਦਾ ਦੇਰ ਤਕ ਅੱਗ 'ਤੇ ਨਾ ਰੱਖੋ। ਇਸ ਨਾਲ ਇਨ੍ਹਾਂ ਦੀ ਪੌਸ਼ਟਿਕਤਾ ਨਸ਼ਟ ਹੋ ਜਾਂਦੀ ਹੈ।
- ਖਾਣੇ 'ਚ ਜ਼ਿਆਦਾ ਮਿਰਚ ਮਸਾਲੇ ਦਾ ਪ੍ਰਯੋਗ ਸਬਜ਼ੀ ਦੇ ਕੁਦਰਤੀ ਸੁਆਦ ਤੇ ਊਰਜਾ ਨੂੰ ਘੱਟ ਕਰਦੇ ਹਨ।
- ਫਰਿੱਜ 'ਚ ਰੱਖੀਆਂ ਬੇਹੀਆਂ ਸਬਜ਼ੀਆਂ ਨੂੰ ਵਾਰ-ਵਾਰ ਗਰਮ ਨਾ ਕਰੋ। ਹਮੇਸ਼ਾ ਤਾਜ਼ੀਆਂ ਸਬਜ਼ੀਆਂ ਹੀ ਵਰਤੋਂ 'ਚ ਲਿਆਓ। ਜੇ ਤੁਸੀਂ ਰੋਜ਼ਾਨਾ ਜੀਵਨ 'ਚੋਂ ਫਾਸਟ ਫੂਡ ਨੂੰ ਹਟਾ ਕੇ ਹਰੀਆਂ ਸਬਜ਼ੀਆਂ ਦੀ ਵਰਤੋਂ ਕਰੋਗੇ ਤਾਂ ਤੁਹਾਡੇ ਸਰੀਰ ਦੇ ਅੰਗ ਤੰਦਰੁਸਤ ਤੇ ਤੁਹਾਡਾ ਸਰੀਰ ਸੁਚਾਰੂ ਰੂਪ ਨਾਲ ਕੰਮ ਕਰਨ ਲੱਗਦਾ ਹੈ।

ਫਾਸਟ ਫੂਡ ਤੇ ਤਲੀਆਂ ਚੀਜ਼ਾਂ ਆਦਿ ਦੇ ਸੇਵਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਹ ਹੀ ਪੇਟ ਦੀ ਸੋਜ ਦਾ ਸਭ ਤੋਂ ਵੱਡਾ ਕਾਰਨ ਹੈ...

ਪੇਟ ਦੀ ਸੋਜ ਨੂੰ ਕਰੋ ਖ਼ਤਮ

ਪੇਟ 'ਚ ਇਨਫੈਕਸ਼ਨ ਹੋਣ 'ਤੇ ਸੋਜ, ਪੇਟ ਫੁਲਣਾ, ਕਬਜ਼ ਆਦਿ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਕਾਰਨ ਪੇਟ 'ਚ ਦਰਦ, ਮਰੋੜੇ ਉੱਠਣੇ, ਉਲਟੀਆਂ, ਸਰਦੀ ਲੱਗਣਾ, ਕਮਜ਼ੋਰੀ ਤੇ ਭੁੱਖ ਨਾ ਲੱਗਣਾ ਇਸ ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਅਸੀਂ ਕਈ ਤਰ੍ਹਾਂ ਦੀਆਂ ਦਵਾਈਆਂ ਦਾ ਸੇਵਨ ਕਰਦੇ ਹਾਂ ਪਰ ਕਿਸੇ ਦਵਾਈ ਨਾਲ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ। ਦਵਾਈਆਂ ਦੇ ਜ਼ਿਆਦੇ ਸੇਵਨ ਨਾਲ ਕਿਡਨੀ 'ਚ ਪਰੇਸ਼ਾਨੀ ਆ ਸਕਦੀ ਹੈ। ਇਸ ਲਈ ਤੁਸੀਂ ਪੇਟ ਦੀ ਇਨਫੈਕਸ਼ਨ ਤੋਂ ਛੁਟਕਾਰਾ ਪਾਉਣ ਲਈ ਇਨ੍ਹਾਂ ਚੀਜ਼ਾਂ ਦਾ ਇਸਤੇਮਾਲ ਕਰੋ ਜਿਸ ਨਾਲ ਤੁਹਾਨੂੰ 2-3 ਦਿਨ 'ਚ ਹੀ ਆਰਾਮ ਮਿਲੇਗਾ।

- **ਲੌਂਗ** - ਲੌਂਗ ਪੇਟ 'ਚ ਮੌਜੂਦ ਛੋਟੇ-ਛੋਟੇ ਬੈਕਟੀਰੀਆ ਨੂੰ ਜੜ੍ਹ ਤੋਂ ਖ਼ਤਮ ਕਰ ਦਿੰਦਾ ਹੈ। ਪੇਟ ਦੀ ਸੋਜ ਤੇ ਦਰਦ ਤੋਂ ਛੁਟਕਾਰਾ ਪਾਉਣ ਲਈ ਰੋਜ਼ 2-3 ਲੌਂਗ ਜਾਂ ਫਿਰ ਇਸ ਦੇ ਗਰਮ ਪਾਣੀ ਦਾ ਸੇਵਨ ਕਰੋ।
- **ਲਸਣ** - ਰੋਜ਼ ਖ਼ਾਲੀ ਪੇਟ 2-3 ਕੱਚੀਆਂ ਲਸਣ ਦੀਆਂ ਤੁਰੀਆਂ ਦਾ ਸੇਵਨ ਕਰਨ ਨਾਲ ਇਨਫੈਕਸ਼ਨ ਨੂੰ ਖ਼ਤਮ ਕਰਨ 'ਚ ਮਦਦ ਕਰਦਾ ਹੈ। ਇਸ ਦੇ ਇਲਾਵਾ ਖਾਣਾ ਬਣਾਉਣ ਸਮੇਂ ਵੀ ਲਸਣ ਦਾ ਸੇਵਨ ਕਰ ਸਕਦੇ ਹੋ ਇਸ ਨਾਲ ਵੀ ਕਾਫ਼ੀ ਫ਼ਾਇਦਾ ਮਿਲੇਗਾ।
- **ਜੌ ਦਾ ਪਾਣੀ** - ਸੋਜ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਇਕ ਕੱਪ ਪਾਣੀ 'ਚ ਜੌ ਉਬਾਲ ਕੇ ਉਸ 'ਚ ਛੋਟਾ ਜਿਹਾ ਨਿੰਬੂ ਪਾ ਕੇ ਦਿਨ 'ਚ 2 ਵਾਰ ਪੀਓ।
- **ਨਿੰਮ** - ਪੇਟ ਦੀ ਸੋਜ ਤੇ ਇਨਫੈਕਸ਼ਨ ਨੂੰ ਦੂਰ ਕਰਨ ਲਈ ਸਭ ਤੋਂ ਵਧੀਆ ਉਪਾਅ। ਨਿੰਮ ਦੇ 5 ਪੱਤਿਆਂ ਨੂੰ ਦਿਨ 'ਚ ਇਕ ਵਾਰ ਖਾਓ।
- **ਚਾਵਲਾਂ ਦਾ ਪਾਣੀ** - ਇਕ ਪੈਨ 'ਚ 1-2 ਕੱਪ ਸਫ਼ੈਦ ਚਾਵਲ ਪਾ ਕੇ 6 ਕੱਪ ਪਾਣੀ 'ਚ ਉਬਾਲ ਲਓ ਤੇ ਇਸ ਨੂੰ ਠੰਢਾ ਕਰ ਲਓ। ਇਸ 'ਚ 1-2 ਚਮਚ ਸ਼ਹਿਦ ਤੇ ਦਾਲਚੀਨੀ ਪਾਊਡਰ ਮਿਲਾ ਕੇ ਹਰ ਇਕ ਘੰਟੇ ਬਾਅਦ ਪੀਓ।
- **ਸਾਵਧਾਨੀਆਂ** - ਪੇਟ ਦੀ ਸੋਜ ਜ਼ਿਆਦਾਤਰ ਬਾਹਰਲੀਆਂ ਚੀਜ਼ਾਂ ਖਾਣ ਦੇ ਕਾਰਨ ਹੁੰਦੀ ਹੈ ਜਿਵੇਂ ਫਾਸਟ ਫੂਡ, ਤਲੀਆਂ ਚੀਜ਼ਾਂ ਆਦਿ ਦੇ ਸੇਵਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਖਾਣੇ ਨੂੰ ਚੰਗੀ ਤਰ੍ਹਾਂ ਨਾ ਚਬਾ ਕੇ ਖਾਣ ਨਾਲ ਵੀ ਪੇਟ 'ਚ ਸੋਜ ਤੇ ਇਨਫੈਕਸ਼ਨ ਦੀ ਸਮੱਸਿਆ ਆ ਸਕਦੀ ਹੈ। ਇਸ ਲਈ ਖਾਣੇ ਨੂੰ ਚੰਗੀ ਤਰ੍ਹਾਂ ਚਬਾ ਕੇ ਖਾਣਾ ਚਾਹੀਦਾ ਹੈ।
- ਜ਼ਿਆਦੇ ਮਿੱਠੇ ਦਾ ਸੇਵਨ ਨਹੀਂ ਕਰਨਾ ਚਾਹੀਦਾ। ਇਹ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ।

ਦੋ ਬੂੰਦਾਂ ਜ਼ਿੰਦਗੀ ਦੀਆਂ

ਪੋਲੀਓ ਦੇ ਕੀਟਾਣੂ ਪਾਲੀ ਨੂੰ ਦੂਸ਼ਿਤ ਕਰ ਕੇ ਮੂੰਹ ਰਾਹੀਂ ਬੱਚਿਆਂ ਦੇ ਹਿਰਦੇ 'ਚ ਪਹੁੰਚ ਜਾਂਦੇ ਹਨ ਤੇ ਉਨ੍ਹਾਂ ਦੀਆਂ ਅੰਤੜੀਆਂ 'ਤੇ ਮਾੜਾ ਪ੍ਰਭਾਵ ਪਾਉਂਦੇ ਹਨ...

ਲਾਲ ਚੰਦ ਸਿੰਘ

ਕੋਈ ਵੀ ਮਾਂ-ਪਿਉ ਇਹ ਨਹੀਂ ਚਾਹੁੰਦਾ ਕਿ ਉਨ੍ਹਾਂ ਦੇ ਬੱਚੇ ਕਮਜ਼ੋਰ ਜਾਂ ਬਿਮਾਰ ਹੋਣ ਸਗੋਂ ਹਰ ਮਾਂ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਸਰੀਰਕ ਪੱਖੋਂ ਰਿਸ਼ਟ-ਪੁਸ਼ਟ ਅਤੇ ਤੰਦਰੁਸਤ ਹੋਣ। ਹਰ ਮਾਂ-ਪਿਓ ਬੱਚਿਆਂ ਦੀ ਸਲਾਮਤੀ ਜਾਂ ਤੰਦਰੁਸਤੀ ਵਿਚ ਹੀ ਆਪਣੀ ਸਲਾਮਤੀ ਸਮਝਦਾ ਹੈ। ਦਰਅਸਲ ਤੰਦਰੁਸਤ ਜਾਂ ਅਰੋਗ ਅਤੇ ਰਿਸ਼ਟ ਪੁੱਸ਼ਟ ਬੱਚੇ ਕਿਸੇ ਦੇਸ਼, ਕੌਮ ਅਤੇ ਸਮਾਜ ਦਾ ਵੱਡਮੁੱਲਾ ਸਰਮਾਇਆ ਹੁੰਦੇ ਹਨ। ਇਹੀ ਬੱਚੇ ਅੱਗੇ ਜਾ ਕੇ ਭਵਿੱਖ ਦੇ ਵਾਰਸ ਅਤੇ ਉਸ ਦੇਸ਼, ਕੌਮ ਅਤੇ ਸਮਾਜ ਦੇ ਸਰਵਪੱਖੀ ਵਿਕਾਸ ਦਾ ਆਧਾਰ ਬਣਦੇ ਹਨ। ਆਪਣੇ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਣਾ ਹਰ ਮਾਂ-ਪਿਉ ਦਾ ਸਭ ਤੋਂ ਅਹਿਮ ਤੇ ਮੁੱਢਲਾ ਫਰਜ਼ ਹੁੰਦਾ ਹੈ ਕਿਉਂਕਿ ਜੇ ਬਚਪਨ ਹੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਤਾਂ ਬਾਅਦ ਦੀ ਉਮਰ ਵਿਚ ਵੀ ਲਗਾਤਾਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗਣ ਦਾ ਡਰ ਅਕਸਰ ਬਣਿਆ ਰਹਿੰਦਾ ਹੈ। ਤੰਦਰੁਸਤ ਜਾਂ ਅਰੋਗ ਬੱਚੇ ਹੀ ਅੱਗੇ ਜਾ ਕੇ ਰਿਸ਼ਟ ਪੁਸ਼ਟ ਨਾਗਰਿਕ ਬਣਦੇ ਹਨ ਜੋ ਕਿ ਅਜੋਕੇ ਯੁੱਗ, ਸਮੇਂ ਤੇ ਸਮਾਜ ਦੀ ਲੋੜ ਹੈ।

ਲਾਇਲਾਜ ਛੂਤ ਰੋਗ ਪੋਲੀਓ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲੱਗਣ ਵਾਲਾ ਬਹੁਤ ਹੀ ਗੰਭੀਰ ਰੋਗ ਹੈ। ਪੋਲੀਓ ਵਰਗੇ ਨਾਮੁਰਾਦ ਰੋਗ ਦਾ ਕੋਈ ਇਲਾਜ ਨਹੀਂ ਸਗੋਂ ਪੋਲੀਓ ਦਾ ਸ਼ਿਕਾਰ ਹੋਣ ਪਿੱਛੋ ਬੱਚਾ ਉਮਰ ਭਰ ਲਈ ਅੰਗਹੀਣ ਬਣ ਕੇ ਜਿਉਣ ਲਈ ਮਜਬੂਰ ਹੋ ਜਾਂਦਾ ਹੈ। ਜਿਸ ਦਾ ਸੰਤਾਪ ਉਸ ਨੂੰ ਅਨੇਕਾਂ ਤਰ੍ਹਾਂ ਦੀਆਂ ਸਰੀਰਕ, ਸਮਾਜਿਕ, ਮਾਨਸਿਕ ਅਤੇ ਆਰਥਿਕ ਸਮੱਸਿਆਵਾਂ ਕਾਰਨ ਉਮਰ ਭਰ ਲਈ ਆਪਣੇ ਤਨ-ਮਨ 'ਤੇ ਝਲਣਾ ਪੈਂਦਾ ਹੈ। ਸਿਰਫ਼ ਇਹ ਹੀ ਨਹੀਂ ਪੋਲੀਓ ਦੇ ਸ਼ਿਕਾਰ ਕਈ ਬੱਚਿਆਂ ਨੂੰ ਪਹੁਆਂ ਦੀ ਤਰ੍ਹਾਂ ਚਾਰੇ ਲੱਤਾਂ-ਬਾਹਾਂ ਘੜੀਸ ਕੇ ਤੁਰਦੇ ਫਿਰਦੇ ਭਾਵ ਬਹੁਤ ਹੀ ਤਰਾਸ਼ਦਿਕ ਸਥਿਤੀ ਵਿਚ ਜਿਉਂਦਿਆਂ ਆਮ ਵੇਖਿਆ ਜਾ ਸਕਦਾ ਹੈ, ਜਿਸ ਨੂੰ ਵੇਖ ਕੇ ਹਰ ਕਿਸੇ ਸੰਵੇਦਨਸ਼ੀਲ ਇਨਸਾਨ ਦੀ ਰੂਹ ਕੰਬ ਜਾਂਦੀ ਹੈ। ਪੋਲੀਓ ਬਹੁਤ ਹੀ ਸੂਖ਼ਮ ਕਿਸਮ ਦੇ ਕੀਟਾਣੂਆਂ ਕਾਰਨ ਹੋਣ ਵਾਲਾ ਛੂਤ ਰੋਗ ਹੈ।

ਕੀਟਾਣੂਆਂ ਦੀਆਂ ਤਿੰਨ ਕਿਸਮਾਂ (ਪੀ-1, ਪੀ-2, ਪੀ-3)

ਜੋ ਕਿ ਬਾਹਰੀ ਵਾਤਾਵਰਣ ਵਿਚ 48 ਘੰਟਿਆਂ ਤਕ ਜਿਉਂਦੇ ਰਹਿ ਸਕਦੇ ਹਨ। ਹੁਣ ਤਕ ਪੂਰੀ ਦੁਨੀਆ ਦੇ ਡਾਕਟਰੀ ਵਿਗਿਆਨ ਵਿਚ ਪੋਲੀਓ ਦਾ ਕੋਈ ਇਲਾਜ ਨਹੀਂ ਪਰ ਇਸ ਪੋਲੀਓ ਵਰਗੀ ਘਾਤਕ ਬਿਮਾਰੀ ਤੋਂ ਸਾਡੀ ਇਸ ਧਰਤੀ 'ਤੇ ਜਨਮ ਲੈਣ ਵਾਲੇ ਹਰ ਬੱਚੇ ਨੂੰ ਆਸਾਨੀ ਨਾਲ ਬਚਾਇਆ ਜਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਨਵ ਜਨਮੇ ਬੱਚੇ ਨੂੰ ਪੋਲੀਓ ਬੂੰਦਾਂ ਦੀ ਪਹਿਲੀ ਖ਼ੁਰਾਕ ਜਨਮ ਤੋਂ ਕੁੱਝ ਸਮੇਂ ਬਾਅਦ ਡੇਢ ਮਹੀਨੇ, ਢਾਈ ਮਹੀਨੇ ਅਤੇ ਸਾਢੇ ਤਿੰਨ ਮਹੀਨੇ ਦੀ ਉਮਰ 'ਤੇ ਇਕ-ਇਕ ਖ਼ੁਰਾਕ, 16 ਤੋਂ 24 ਮਹੀਨੇ ਉਮਰ ਵਿਚਕਾਰ ਇਕ ਖ਼ੁਰਾਕ ਅਤੇ ਸਾਢੇ ਤਿੰਨ ਤੇ ਸਾਢੇ ਚਾਰ ਸਾਲ ਦੀ ਉਮਰ 'ਤੇ ਇਕ-ਇਕ ਖ਼ੁਰਾਕ ਹੋਰ ਜ਼ਰੂਰ ਪਿਆਈ ਜਾਣੀ ਚਾਹੀਦੀ ਹੈ।

ਪੋਲੀਓ ਬੂੰਦਾਂ ਦੀ ਤੀਜੀ ਖ਼ੁਰਾਕ ਦੇ ਨਾਲ ਹੁਣ (ਸਾਢੇ ਤਿੰਨ ਮਹੀਨੇ ਦੀ ਉਮਰ 'ਤੇ) ਪੋਲੀਓ ਦਾ ਟੀਕਾ (ਆਈ. ਪੀ. ਵੀ.) ਵੀ ਲਾਇਆ ਜਾਂਦਾ ਹੈ। ਜੋ ਕਿ ਬੱਚੇ ਦੇ ਸਰੀਰ ਵਿਚ ਪੋਲੀਓ ਦੇ ਕੀਟਾਣੂਆਂ ਨਾਲ ਲੜਨ ਦੀ ਸ਼ਕਤੀ ਜ਼ਿਆਦਾ ਕਰ ਦਿੰਦਾ ਹੈ।

ਯਾਦ ਰਹੇ ਕਿ ਪੋਲੀਓ ਦੀ ਦਵਾਈ ਦੀਆਂ ਇਹ ਬੂੰਦਾਂ ਸਾਰੀਆਂ ਸਰਕਾਰੀ ਪੇਂਡੂ, ਸ਼ਹਿਰੀ ਸਿਹਤ ਸੰਸਥਾਵਾਂ ਵਿਚ ਬਕਾਇਦਾ ਦਿਨ, ਸਮਾਂ ਅਤੇ ਸਥਾਨ ਨਿਸ਼ਚਿਤ ਕਰਕੇ ਬਿਨਾਂ ਕੋਈ ਪੈਸਾ ਲਏ ਮੁਫ਼ਤ ਪਿਆਈਆਂ ਜਾਂਦੀਆਂ ਹਨ। ਇਸ ਸਾਰੀ ਕਾਰਵਾਈ ਦਾ ਬਕਾਇਦਾ ਲਿਖਤੀ ਹਿਸਾਬ -ਕਿਤਾਬ ਵੀ ਰੱਖਿਆ ਜਾਂਦਾ ਹੈ। ਪੋਲੀਓ ਦੇ ਕੀਟਾਣੂ, ਪਾਣੀ ਆਦਿ ਨੂੰ ਦੂਸ਼ਿਤ ਕਰਕੇ ਮੂੰਹ ਰਾਹੀਂ ਬੱਚੇ ਦੇ ਹਿਰਦੇ ਵਿਚ ਪਹੁੰਚ ਜਾਂਦੇ ਹਨ ਅਤੇ ਬੱਚੇ ਦੀਆਂ ਅੰਤੜੀਆਂ ਵਿਚ ਵਧਦੇ ਫੁਲਦੇ ਰਹਿੰਦੇ ਹਨ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਪੋਲੀਓ ਦਾ ਸ਼ਿਕਾਰ ਹੋਣ ਪਿੱਛੋ ਬੱਚੇ ਦਾ ਕੋਈ ਅੰਗ (ਲੱਤ-ਬਾਂਹ ਜਾਂ ਫਿਰ ਦੋਵੇਂ ਲੱਤਾਂ-ਬਾਹਾਂ) ਮਾਰੀਆਂ ਜਾਂਦੀਆਂ ਹਨ। ਪੋਲੀਓ ਦੇ ਕੀਟਾਣੂ ਬੱਚੇ ਦੇ ਦਿਮਾਗ਼ ਅਤੇ ਦਿਮਾਗ਼ ਰਸਤੇ ਆਉਂਦੀ ਮੁੱਖ ਨਸ 'ਤੇ ਹਮਲਾ ਕਰਕੇ ਸਰੀਰ ਦੇ ਪੱਠਿਆਂ ਨੂੰ ਕੰਟਰੋਲ ਕਰਨ ਵਾਲੀਆਂ ਨਸਾਂ ਦੇ ਕੰਮ ਕਰਨ ਦੀ ਤਾਕਤ ਘਟਾ ਦਿੰਦੇ ਹਨ ਭਾਵ ਪੋਲੀਓ ਦਾ ਸ਼ਿਕਾਰ ਹੋਣ ਪਿੱਛੋ ਬੱਚੇ ਦੀਆਂ ਲੱਤਾਂ-ਬਾਹਾਂ ਸੁੱਕ ਜਾਂਦੀਆਂ ਹਨ।

ਪੋਲੀਓ ਕਾਰਨ ਬੱਚੇ ਦੇ ਦਿਮਾਗ਼ 'ਤੇ ਮਾੜਾ ਅਸਰ ਪੈਣ ਤੋਂ ਇਲਾਵਾ ਸਾਹ ਕਿਰਿਆ ਫੇਲ੍ਹ ਹੋਣ ਕਰਕੇ ਬੱਚੇ ਦੀ ਮੌਤ ਵੀ ਹੋ ਸਕਦੀ ਹੈ। ਅਜਿਹੇ ਕੇਸਾਂ ਦੀ ਮੌਤ ਦਰ 5 ਤੋਂ 10 ਫ਼ੀਸਦੀ ਤਕ ਹੈ। ਪੋਲੀਓ ਰੋਗ ਦਾ ਸ਼ਿਕਾਰ ਹੋਣ ਉਪਰੰਤ ਬੱਚਾ ਪਹਿਲੇ ਤਿੰਨ ਦਿਨਾਂ ਤਕ ਰੋਂਦਾ ਰਹਿੰਦਾ ਹੈ। ਉਸ ਨੂੰ ਲਗਾਤਾਰ ਬੁਖ਼ਾਰ ਚੜ੍ਹਿਆ ਰਹਿੰਦਾ ਹੈ ਅਤੇ ਤਿੰਨ ਤੋਂ ਪੰਜ ਦਿਨਾਂ ਤਕ ਬੱਚੇ ਦਾ ਸਿਰ ਦੁੱਖਦਾ ਰਹਿੰਦਾ ਹੈ ਅਤੇ ਗਰਦਨ ਆਕੜਨ ਤੋਂ ਇਲਾਵਾ ਲਗਾਤਾਰ ਪੱਠਿਆਂ ਵਿਚ ਦਰਦ ਰਹਿੰਦਾ ਹੈ। ਪੰਜਵੇਂ ਤੋਂ ਸੱਤਵੇਂ ਦਿਨ ਬੱਚੇ ਨੂੰ ਮਾਮੂਲੀ ਅਧਰੰਗ ਜਿਵੇਂ ਕਿ ਇਕ ਲੱਤ ਜਾਂ ਬਾਂਹ ਦਾ ਅਧਰੰਗ ਜਾਂ ਫਿਰ ਇਸ ਤੋਂ ਵਧੇਰੇ ਵਿਗੜਿਆ ਅਧਰੰਗ ਭਾਵ ਦੋਵੇਂ ਲੱਤਾਂ-ਬਾਹਾਂ ਅਤੇ ਛਾਤੀ ਦਾ ਅਧਰੰਗ ਹੋ ਸਕਦਾ ਹੈ। ਜੇਕਰ ਕਿਸੇ ਨੂੰ ਵੀ ਆਪਣੇ ਆਸ-ਪਾਸ ਅਜਿਹੇ ਲੱਛਣਾਂ ਵਾਲਾ ਕੋਈ ਕੇਸ ਪਤਾ ਲੱਗੇ ਤਾਂ ਉਸ ਦੀ ਇਤਲਾਹ ਬਿਨਾਂ ਕਿਸੇ ਦੇਰੀ ਦੇ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਵਿਚ ਜਾਂ ਫਿਰ ਸੰਬੰਧਿਤ ਬਲਾਕ ਦੇ ਸੀਨੀਅਰ ਮੈਡੀਕਲ ਅਫ਼ਸਰ ਨੂੰ ਜਾਂ ਫਿਰ ਸੰਬੰਧਿਤ ਜ਼ਿਲ੍ਹੇ ਦੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਜਾਂ ਜ਼ਿਲ੍ਹਾ ਸਿਵਲ ਸਰਜਨ ਨੂੰ ਜ਼ਰੂਰ ਦਿੱਤੀ ਜਾਵੇ। ਇਸ ਬਿਮਾਰੀ ਦੇ ਲੱਛਣਾਂ ਵਾਲੇ ਕੇਸ ਵਿਚ, ਟੱਟੀ ਟੈਸਟ ਕਰਾਉਣ ਉਪਰੰਤ ਇਹ ਪਤਾ ਲਾਇਆ ਜਾਂਦਾ ਹੈ ਕਿ ਉਸ ਦਾ ਕਾਰਨ ਕਿਤੇ ਪੋਲੀਓ ਰੋਗ ਤਾਂ ਨਹੀਂ, ਜੋ ਅਜਿਹੇ ਲੱਛਣਾਂ ਨਾਲ ਸਬੰਧਤ

ਸੰਪਾਦਕੀ

ਕਿਸਾਨਾਂ ਦਾ ਖ਼ਦਸ਼ਾ; ਭਾਰਤ-ਅਮਰੀਕਾ ਅੰਤਰਿਮ ਵਪਾਰ ਸਮਝੌਤਾ

ਭਾਰਤ-ਅਮਰੀਕਾ ਅੰਤਰਿਮ ਵਪਾਰ ਸਮਝੌਤਾ, ਜਿਸ ਦੀ ਰੂਪ-ਰੇਖਾ ਸ਼ਨਿਚਰਵਾਰ ਨੂੰ ਸਾਹਮਣੇ ਆਈ ਸੀ, ਉਤੇ ਹੋ ਰਹੇ ਹੰਗਾਮੇ ਨੇ ਇੱਕ ਜਾਣੀ-ਪਛਾਣੀ ਖਿੱਚੋਤਾਣ ਨੂੰ ਮੁੜ ਉਜਾਗਰ ਕਰ ਦਿੱਤਾ ਹੈ: 'ਮੁਕਤ ਵਪਾਰ' ਦੀ ਕੀਮਤ ਕੌਣ ਚੁਕਾਉਂਦਾ ਹੈ ਅਤੇ ਇਸ ਦਾ ਲਾਭ ਕਿਸ ਨੂੰ ਮਿਲਦਾ ਹੈ ? ਜਿਵੇਂ ਕਿ ਕਿਸਾਨ ਜਥੇਬੰਦੀਆਂ 12 ਫਰਵਰੀ ਨੂੰ ਦੇਸ਼ ਵਿਆਪੀ ਰੋਸ ਪ੍ਰਦਰਸ਼ਨਾਂ ਦੀ ਤਿਆਰੀ ਕਰ ਰਹੀਆਂ ਹਨ, ਉਨ੍ਹਾਂ ਦਾ ਗੁੱਸਾ ਸਿਰਫ਼ ਸੇਬ, ਸੋਇਆਬੀਨ ਤੇਲ ਜਾਂ ਡ੍ਰਾਈਡ ਡਿਸਟਿਲਰ ਗ੍ਰੇਨਜ਼ (ਸੁੱਕੇ ਅਨਾਜ) 'ਤੇ ਦਿੱਤੀ ਗਈ ਦਰਾਮਦ ਡਿਊਟੀ ਦੀ ਛੋਟ ਬਾਰੇ ਨਹੀਂ ਹੈ। ਇਹ ਭਰੋਸੇ, ਪਾਰਦਰਸ਼ਤਾ ਅਤੇ ਭਾਰਤੀ ਖੇਤੀਬਾੜੀ ਦੇ ਭਵਿੱਖ ਬਾਰੇ ਹੈ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਪੁਖ਼ਤਾ ਰੱਖਿਆਤਮਕ ਉਪਾਅ ਕੀਤੇ ਗਏ ਹਨ। ਵਣਜ ਮੰਤਰੀ ਪਿਯੂਸ਼ ਗੋਇਲ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਘੱਟੋ-ਘੱਟ ਦਰਾਮਦ ਕੀਮਤਾਂ, ਕੋਟਾ-ਅਧਾਰਤ ਰਿਆਇਤਾਂ ਅਤੇ ਸੋਚੇ-ਵਿਚਾਰ ਕੇ ਲਾਏ ਗਏ ਟੈਰਿਫ ਕੱਟਾਂ ਨਾਲ ਘਰੇਲੂ ਉਤਪਾਦਕਾਂ ਦੀ ਰਾਖੀ ਕੀਤੀ ਜਾਵੇਗੀ। ਕਾਗਜ਼ਾਂ 'ਤੇ ਇਹ ਭਰੋਸੇ ਸੁਣਨ ਨੂੰ ਚੰਗੇ ਲੱਗਦੇ ਹਨ। ਹਾਲਾਂਕਿ, ਅਮਲੀ ਤੌਰ 'ਤੇ ਕਿਸਾਨਾਂ ਦੇ ਖਦਸ਼ੇ ਬੇਬੁਨਿਆਦ ਨਹੀਂ ਹਨ। ਨਿਊਜ਼ੀਲੈਂਡ ਅਤੇ ਯੂਰੋਪੀਅਨ ਯੂਨੀਅਨ ਨਾਲ ਹੋਏ ਪਿਛਲੇ ਮੁਕਤ ਵਪਾਰ ਸਮਝੌਤਿਆਂ ਕਾਰਨ ਸਸਤੀਆਂ ਦਰਾਮਦਾਂ ਵਿੱਚ ਭਾਰੀ ਵਾਧਾ ਹੋਇਆ ਸੀ, ਜਿਸ ਨੇ ਪਹਿਲਾਂ ਹੀ ਸੰਕਟ ਵਿੱਚ ਘਿਰੇ ਉਤਪਾਦਕਾਂ ਦਾ ਲੱਕ ਤੋੜ ਦਿੱਤਾ ਸੀ। ਜ਼ਿਆਦਾ ਸਬਸਿਡੀ ਵਾਲੇ ਅਮਰੀਕੀ ਅਤੇ ਯੂਰੋਪੀਅਨ ਖੇਤੀਬਾੜੀ ਕਾਰੋਬਾਰਾਂ ਨਾਲ ਮੁਕਾਬਲਾ ਕਰਨਾ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਦੇ ਸੇਬ ਉਤਪਾਦਕਾਂ ਲਈ ਬੇਹੱਦ ਚੁਣੌਤੀ ਭਰਿਆ ਹੈ।

ਕੇਂਦਰ ਦਾ ਦਾਅਵਾ ਹੈ ਕਿ ਖੇਤੀਬਾੜੀ ਅਤੇ ਡੇਅਰੀ ਸੈਕਟਰ ਸੁਰੱਖਿਅਤ ਰਹਿਣਗੇ, ਭਾਵੇਂ ਕਿ ਸਾਂਝਾ ਖਾਕਾ ਖੇਤੀ ਅਤੇ ਖੁਰਾਕੀ ਉਤਪਾਦਾਂ ਦੀ ਇੱਕ ਲੜੀ 'ਤੇ ਟੈਰਿਫ ਘਟਾਉਣ ਅਤੇ ਗੈਰ-ਟੈਰਿਫ ਰੁਕਾਵਟਾਂ ਹੱਲ ਕਰਨ ਦੀ ਗੱਲ ਕਰਦਾ ਹੈ। ਘੱਟ ਆਮਦਨ, ਵਧਦੀਆਂ ਲਾਗਤਾਂ ਅਤੇ ਚੜ੍ਹਦੇ ਕਰਜ਼ੇ ਨਾਲ ਜੂਝ ਰਹੇ ਕਿਸਾਨਾਂ ਨੂੰ ਇਨ੍ਹਾਂ ਅਹਿਮ ਮੁੱਦਿਆਂ 'ਤੇ ਸਪੱਸ਼ਟਤਾ ਦੀ ਲੋੜ ਹੈ। ਕਈ ਕਿਸਾਨ ਜਥੇਬੰਦੀਆਂ, ਵਿਰੋਧੀ ਪਾਰਟੀਆਂ ਅਤੇ ਕੁਝ ਰਾਜ ਸਰਕਾਰਾਂ ਨੇ ਮੰਗ ਕੀਤੀ ਹੈ ਕਿ ਇਸ ਸਮਝੌਤੇ ਦੇ ਪੂਰੇ ਵੇਰਵੇ ਸੰਸਦ ਦੇ ਸਾਹਮਣੇ ਰੱਖੇ ਜਾਣ। ਇਹ ਮੰਗ ਜਾਇਜ਼ ਹੈ ਕਿਉਂਕਿ ਵਪਾਰਕ ਸਮਝੌਤੇ ਰੋਜ਼ੀ-ਰੋਟੀ ਨੂੰ ਓਨਾ ਹੀ ਪ੍ਰਭਾਵਿਤ ਕਰਦੇ ਹਨ ਜਿੰਨੇ ਕਿ ਦੇਸ਼ 'ਚ ਬਣਨ ਵਾਲੇ ਕਾਨੂੰਨ।

ਮਜ਼ਬੂਤ ਘਰੇਲੂ ਸਹਾਇਤਾ ਜਿਵੇਂ ਕਿ ਵਾਜਬ ਕੀਮਤਾਂ, ਸਬਸਿਡੀਆਂ, ਬੁਨਿਆਦੀ ਢਾਂਚਾ ਅਤੇ ਜੋਖ਼ਮ ਸੁਰੱਖਿਆ ਤੋਂ ਬਿਨਾਂ ਬਾਜ਼ਾਰਾਂ ਨੂੰ ਵਿਦੇਸ਼ੀਆਂ ਲਈ ਖੋਲ੍ਹਣ ਦੇ ਕਦਮ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਮੁਸੀਬਤ ਬਣ ਸਕਦੇ ਹਨ। ਇਸ ਲਈ ਅਗਾਮੀ ਹੜਤਾਲ ਇੱਕ ਚਿਤਾਵਨੀ ਦਾ ਸੰਕੇਤ ਹੈ। ਜੇਕਰ ਸਰਕਾਰ ਦਾ ਮੰਨਣਾ ਹੈ ਕਿ ਇਹ ਸਮਝੌਤਾ ਸੱਚਮੁੱਚ ਕਿਸਾਨਾਂ ਦੇ ਹਿੱਤਾਂ ਨੂੰ ਪਹਿਲ ਦਿੰਦਾ ਹੈ ਤਾਂ ਉਸ ਨੂੰ ਪਾਰਦਰਸ਼ਤਾ, ਸੰਸਦੀ ਬਹਿਸ ਅਤੇ ਸਾਰਥਕ ਸਲਾਹ-ਮਸ਼ਵਰੇ ਰਾਹੀਂ ਇਸ ਨੂੰ ਸਾਬਿਤ ਕਰਨਾ ਚਾਹੀਦਾ ਹੈ। ਨਹੀਂ ਤਾਂ ਸੁਧਾਰਾਂ ਦਾ ਇਹ ਬਿਰਤਾਂਤ ਇੱਕ ਵਾਰ ਫਿਰ ਉਨ੍ਹਾਂ ਲੋਕਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਅਸਫ਼ਲ ਰਹੇਗਾ ਜੋ ਦੇਸ਼ ਦਾ ਢਿੱਡ ਭਰਦੇ ਹਨ।

-ਪੀਤਾਂਬਰ ਸ਼ਰਮਾ

ਪੰਜਾਬ ਸਕੂਲ ਡਾਇਰੈਕਟਰ ਨੇ ਸਕੂਲੀ ਕਲਰਕ ਜਸਪਾਲ ਸਿੰਘ ਨੂੰ ਮੁਅੱਤਲ ਕਰਕੇ ਕੀਤੀ ਖਾਨਾਪੂਰਤੀ

ਪਟਿਆਲਾ, 12 ਫਰਵਰੀ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸਿੱਖਿਆ ਵਿਭਾਗ (ਸੈ.) ਅਧੀਨ ਪੈਂਦੇ ਨਾਭਾ ਸ਼ਹਿਰ ਦੇ ਨਾਮ ਸਕੂਲ ਆਫ ਐਮੀਨੈਂਸ ਸ. ਸੀ. ਸੈ. ਸਕੂਲ (ਲੜਕੇ) ਨਾਭਾ ਦੇ ਕਲਰਕ ਜਸਪਾਲ ਸਿੰਘ ਵੱਲੋਂ ਪ੍ਰਿੰਸੀਪਲ ਅਤੇ ਹੋਰਨਾਂ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਸਕੂਲੀ ਰਿਟਾਇਰੀ ਅਧਿਆਪਕ ਗੁਰਮੀਤ ਕੌਰ ਦੇ ਰਿਟਾਇਰਲ ਲਾਭਾਂ ਵਿਚ ਕੀਤੇ ਘਪਲੇ ਕਰਕੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 4(1)(ਏ) ਅਧੀਨ ਸਰਕਾਰੀ ਸੇਵਾਵਾਂ ਤੋਂ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਐਨੇ ਵੱਡੇ ਘਪਲੇ ਵਿਚ ਤਿੰਨ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਇਕੱਲੇ ਸਕੂਲੀ ਕਲਰਕ ਨੂੰ ਹੀ ਦੋਸ਼ੀ ਮੰਨਣਾ ਵੀ ਸਵਾਲਾਂ ਦੇ ਘੇਰੇ 'ਚ ਹੈ।

ਜਦੋਂਕਿ ਸਕੂਲੀ ਕਲਰਕ ਤੋਂ ਪਹਿਲਾਂ ਪ੍ਰਿੰਸੀਪਲ, ਸੀਨੀਅਰ ਅਸਿਸਟੈਂਟ, ਐਸ. ਓ. ਆਦਿ ਹੋਰ ਮੁਲਾਜ਼ਮ ਵੀ ਬਿੱਲਾਂ ਦੀ ਚੈਕਿੰਗ ਕਰਕੇ ਸੈਕਸ਼ਨ ਕਰਦੇ ਹਨ। ਪਰ ਇਨ੍ਹਾਂ ਵਿਚ ਸਾਰਾ ਕੁਝ ਜਾਅਲੀ ਪਾਉਣ ਉਪਰੰਤ ਵੀ ਸਮੁੱਚੇ ਸ਼ਾਮਲ ਮੁਲਾਜ਼ਮਾਂ ਨੂੰ ਬਚਾਉਣ 'ਤੇ ਵੀ ਸਵਾਲੀਆ ਨਿਸ਼ਾਨ ਖੜ੍ਹੇ ਕੀਤੇ ਜਾ ਰਹੇ ਹਨ। ਜਦੋਂਕਿ ਪੰਜਾਬ ਸਰਕਾਰ ਦੇ ਖਜਾਨੇ ਨਾਲ ਐਨਾ ਵੱਡਾ ਘਪਲਾ ਹੋ ਰਿਹਾ ਹੋਵੇ ਅਤੇ ਉਸ ਨੂੰ ਸਿਰਫ ਤੇ ਸਿਰਫ ਮੁਅੱਤਲ ਕਰਕੇ ਖਾਨਾਪੂਰਤੀ ਕਰਨਾ ਵੀ ਚਰਚਾ 'ਚ ਹੈ। ਕਿਉਂਕਿ ਮੁਅੱਤਲ ਮੁਲਾਜ਼ਮ ਨੂੰ ਗੁਜ਼ਾਰਾ ਭੱਤਾ ਯਾਨੀ ਕਿ ਅੱਧੀ ਤਨਖਾਹ ਮਿਲਣਾ ਤੈਅ ਹੈ ਅਤੇ ਉਸ ਦੀ ਹਾਜ਼ਰੀ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਮੁੱਖ ਦਫਤਰ 'ਤੇ ਹੋਈ ਤਾਇਨਾਤੀ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਕਿਸੇ ਵੱਡੇ ਰਾਜਨੀਤਿਕ ਆਗੂ ਦੀ ਸ਼ਹਿ 'ਤੇ ਇਨ੍ਹਾਂ ਮੁਲਜ਼ਮ ਵਿਅਕਤੀਆਂ ਨੂੰ ਬਚਾਇਆ ਜਾ ਰਿਹਾ ਹੈ।

ਲਿਹਾਜ਼ਾ ਇਸ ਦੇ ਵੀ ਜਲਦ ਖੁਲਾਸੇ ਸਾਹਮਣੇ ਆਉਣਗੇ। ਦੱਸਣਯੋਗ ਹੈ ਕਿ ਨਾਭਾ ਖਜਾਨਾ ਅਧਿਕਾਰੀ ਜਤਿੰਦਰ ਸਿੰਘ ਵੱਲੋਂ ਸਮੁੱਚੀ ਅਦਾਇਗੀ 'ਤੇ ਜੋਕਰ ਇਹ ਜਾਅਲੀ ਦਸਤਖਤਾਂ ਦਾ ਮਾਮਲਾ ਧਿਆਨ ਵਿਚ ਨਾ ਆਉਂਦਾ ਤਾਂ ਇਹ ਵਿਅਕਤੀ ਰਿਟਾਇਰੀ ਅਧਿਆਪਕਾ ਗੁਰਮੀਤ ਕੌਰ ਦਾ ਮਿਡ ਡੇਅ ਮੀਲ ਵਾਲੀ ਗੁਰਮੀਤ ਕੌਰ ਦੇ ਨਾਮ 'ਤੇ ਲੱਖਾਂ ਰੁਪਈਆ ਹੜੱਪ ਕਰ ਸਕਦੇ ਸਨ। ਹੈਰਾਨੀ ਦੀ ਗੱਲ ਇਹ ਕਿ ਤਿੰਨ ਮਹੀਨੇ ਦਾ ਸਮਾਂ ਬੀਤਣ ਦੇ ਬਾਵਜੂਦ ਸਿਰਫ ਵਿਭਾਗੀ ਕਾਰਵਾਈ ਹੋਣਾ ਅਤੇ ਕਾਨੂੰਨੀ ਕਾਰਵਾਈ ਨਾ ਹੋਣਾ ਵੀ ਸਵਾਲਾ ਦੇ ਘੇਰੇ 'ਚ ਹੈ।

ਈਮਾਨਦਾਰ ਸਰਕਾਰ ਵਿਚ ਬੇਈਮਾਨੀ ਜੱਗ ਜ਼ਾਹਰ

ਸੂਬੇ ਅੰਦਰ ਈਮਾਨਦਾਰ ਸਰਕਾਰ ਹੋਣ ਦੇ ਦਮਗੱਜੇ ਮਾਰਨ ਵਾਲੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਿੱਖਿਆ ਮੰਤਰੀ ਵੱਲੋਂ ਬੀਤੇ ਦਿਨੀਂ ਨਾਭਾ ਹਲਕੇ ਦੇ ਭਾਦਸੋਂ ਸਕੂਲ ਆਫ ਐਮੀਨੈਂਸ ਵਿਖੇ ਕੀਤੇ ਅਚਨਚੇਤ ਦੌਰੇ ਤੋਂ ਬਾਅਦ ਦੂਜੇ ਹੀ ਦਿਨ ਘਪਲੇ ਦੇ ਦੋਸ਼ੀ ਨੂੰ ਮੁਅੱਤਲ ਕਰਨ ਦਾ ਮਾਮਲਾ ਜੱਗ ਜ਼ਾਹਰ ਹੋਣ 'ਤੇ ਸੂਬਾ ਸਰਕਾਰ ਵੀ ਸਵਾਲਾ ਦੇ ਘੇਰੇ 'ਚ ਹੈ। ਜਦੋਂਕਿ ਸਿੱਖਿਆ ਮੰਤਰੀ ਨਾਲ ਵੱਖ-ਵੱਖ ਵੀਡੀਓ ਕਲਿੱਪਾਂ ਵਿਚ ਦਿਖਾਈ ਦੇ ਰਹੇ ਪ੍ਰਿੰਸੀਪਲ 'ਤੇ ਕਾਰਵਾਈ ਨਾ ਹੋਣਾ ਵੀ ਸਵਾਲ ਖੜ੍ਹੇ ਕਰਦਾ ਹੈ।

ਸਿੱਖਿਆ ਵਿਭਾਗ 'ਚ ਘਪਲੇ ਉਜਾਗਰ ਹੋਣ 'ਤੇ ਵਿਜੀਲੈਂਸ ਬਿਓਰੋ ਦੀ ਕਾਰਵਾਈ ਠੰਡੀ

ਸਿੱਖਿਆ ਵਿਭਾਗ ਅੰਦਰ ਨਾਭਾ ਦੇ ਸਕੂਲ ਆਫ ਐਮੀਨੈਂਸ ਵਿਚ ਉਜਾਗਰ ਹੋਏ 35 ਲੱਖ ਰੁਪਏ ਹੜੱਪਣ ਦੇ ਘਪਲੇ ਵਿਚ ਦੋਸ਼ੀ ਸਕੂਲੀ ਕਲਰਕ ਜਸਪਾਲ ਸਿੰਘ ਨੂੰ ਮੁਅੱਤਲ ਕਰਨ ਦੇ ਮਾਮਲੇ ਤੋਂ ਬਾਅਦ ਵੀ ਵਿਜੀਲੈਂਸ ਬਿਓਰੋ ਦੀ ਕਾਰਵਾਈ ਠੰਡੀ ਕਿਉਂ ਹੈ। ਜਦੋਂ ਕਿ ਵਿਜੀਲੈਂਸ ਬਿਓਰੋ ਵੱਲੋਂ 500 ਰੁਪਏ ਤੋਂ ਉਪਰ ਰਿਸ਼ਵਤ ਲੈਣ ਵਾਲਿਆਂ ਨੂੰ ਰੰਗੇ ਹੱਥੀਂ ਫੜਨ ਕਾਰਨ ਚਰਚਾ ਵਿਚ ਰਹਿੰਦੀ ਹੈ। ਇਸ ਮਾਮਲੇ ਵਿਚ ਤਾਂ ਲੱਖਾਂ ਰੁਪਏ ਹੜੱਪੇ ਜਾ ਰਹੇ ਸਨ, ਜਿਸ 'ਤੇ ਵਿਜੀਲੈਂਸ ਬਿਓਰੋ ਦੀ ਕਾਰਵਾਈ ਠੰਡੀ ਨਜ਼ਰ ਆ ਰਹੀ ਹੈ।

500 ਦੇ ਕਰੀਬ ਖੇਡ ਕੋਟੇ ਦੀਆਂ ਆਸਾਮੀਆਂ ਪਈਆਂ ਹਨ ਖਾਲੀ

ਪਟਿਆਲਾ, 12 ਫਰਵਰੀ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਵੱਖ-ਵੱਖ ਪਾਰਟੀਆਂ ਸੱਤਾ ਹਥਿਆਉਣ ਤੋਂ ਬਾਅਦ ਕੀਤੇ ਹੋਏ ਵੱਡੇ ਵੱਡੇ ਵਾਅਦਿਆਂ ਨੂੰ ਭੁੱਲ ਜਾਣਾ ਆਮ ਜਿਹੀ ਗੱਲ ਹੈ। ਉਥੇ ਹੀ ਹਰ ਪਾਰਟੀ ਦੀ ਸਰਕਾਰ ਨੌਜਵਾਨਾਂ ਦੀਆਂ ਵੋਟਾਂ ਬਟੋਰਨ ਲਈ ਚੋਣਾਂ ਤੋਂ ਪਹਿਲਾਂ ਸਰਕਾਰ ਬਣਨ 'ਤੇ ਖਿਡਾਰੀਆਂ ਨੂੰ ਵੱਖ-ਵੱਖ ਸਹੂਲਤਾਂ ਅਤੇ ਨੌਕਰੀਆਂ ਦੇਣ ਦੇ ਦਮਗੱਜੇ ਮਾਰਦੇ ਆਮ ਦਿਖਾਈ ਦਿੰਦੇ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪਿਛਲੇ 9 ਸਾਲਾਂ ਤੋਂ ਖਿਡਾਰੀਆਂ ਦੇ ਕੋਟੇ ਦੀ ਪੰਜਾਬ ਪੁਲਸ ਤੋਂ ਇਲਾਵਾ ਕਿਸੇ ਵੀ ਵਿਭਾਗ ਵਿਚ ਕੋਈ ਭਰਤੀ ਨਹੀਂ ਹੋਈ।

ਜਿਕਰਯੋਗ ਹੈ ਕਿ ਪੰਜਾਬ ਦੇ ਜਿਹੜੇ ਗਰਾਊਂਡਾਂ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਤਿਆਰ ਹੁੰਦੇ ਸਨ ਉਨ੍ਹਾਂ ਗਰਾਊਂਡਾਂ ਦੀ ਹਾਲਤ ਬੇਹੱਦ ਖਸਤਾ ਹੋ ਕੇ ਰਹਿ ਗਈ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਖੇਡਾਂ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਜਿਨ੍ਹਾਂ ਦੀ ਦੇਖ-ਰੇਖ ਕਰਨ ਵਾਲਾ ਕੋਈ ਵੀ ਸਮਰੱਥ ਅਧਿਕਾਰੀ ਜਾਂ ਰਾਜਨੀਤਿਕ ਆਗੂ ਦਿਖਾਈ ਨਹੀਂ ਦੇ ਰਿਹਾ। ਪੰਜਾਬ ਪੁਲਿਸ ਵਿਚ ਖਿਡਾਰੀਆਂ ਦੀ 400 ਦੇ ਕਰੀਬ ਆਸਾਮੀਆਂ ਖਾਲੀ ਹਨ। ਇਸ ਵੇਲੇ ਪੰਜਾਬ ਪੁਲਿਸ ਦੇ ਆਰਮਡ ਦੇ ਕੇਡਰ, ਜਿਲ੍ਹਾ ਪੁਲਸ ਕੇਡਰ, ਇਨਵੈਸਟੀਗੇਸ਼ਨ ਕੇਡਰ ਤੇ ਇੰਟੈਲੀਜੈਂਸ ਕੇਡਰ 'ਚੋਂ ਵੱਖ-ਵੱਖ ਰੈਂਕਾਂ ਦੀਆਂ ਜਨਰਲ ਕੋਟੇ ਦੀਆਂ 90 ਪੋਸਟਾਂ ਦੇ ਕਰੀਬ, ਔਰਤਾਂ ਦੀਆਂ 80, ਐਸ. ਸੀ. ਵਰਗ ਦੀਆਂ ਦੋਵੇਂ 40-45 ਅਤੇ ਕੁੱਲ 300 ਪੋਸਟਾਂ ਦੇ ਲਗਭਗ ਖਾਲੀ ਸਨ। ਸੂਬੇ ਅੰਦਰ ਨਵੇਂ ਬਣਾਏ ਜਾ ਰਹੇ ਗਰਾਊਂਡਾਂ ਦੇ ਨਾਲ-ਨਾਲ ਖਿਡਾਰੀਆਂ ਦੇ ਕੋਟੇ ਦੀਆਂ ਆਸਾਮੀਆਂ ਨੂੰ ਜਲਦ ਪੂਰਿਆ ਜਾਣਾ ਚਾਹੀਦਾ ਹੈ ਤਾਂ ਜੋ ਨਵੇਂ ਖਿਡਾਰੀਆਂ ਲਈ ਵੀ ਆਸ ਦੀ ਕਿਰਨ ਬਣੀ ਰਹੇ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿਚ ਵੱਡੀਆਂ ਮੱਲਾਂ ਮਾਰ ਸਕਣ। ਦੱਸਣਯੋਗ ਹੈ ਕਿ ਹਾਕੀ, ਕ੍ਰਿਕੇਟ, ਤਲਵਾਰਬਾਜ਼ੀ, ਜੂਡੋ, ਦੌੜਾਂ, ਕਬੱਡੀ, ਜਿਮਨਾਸਟਿਕ, ਵਾਲੀਬਾਲ, ਫੁੱਟਬਾਲ, ਹੈਂਡਬਾਲ, ਬਾਕਸਿੰਗ, ਖੋ-ਖੋ, ਕੁਸ਼ਤੀ ਆਦਿ ਸਮੇਤ ਅਨੇਕਾਂ ਹੀ ਅਜਿਹੀਆਂ ਖੇਡਾਂ ਹਨ ਜਿਸ ਵਿਚ ਖਿਡਾਰੀ ਵੱਡੇ ਪੱਧਰ 'ਤੇ ਤਿਆਰ ਹੋ ਸਕਦੇ ਹਨ, ਪਰ ਸਰਕਾਰਾਂ ਵੱਲੋਂ ਵੱਖ-ਵੱਖ ਵਿਭਾਗਾਂ ਵਿਚ ਖਿਡਾਰੀਆਂ ਦੀ ਭਰਤੀ ਨਾ ਹੋਣ ਕਾਰਨ ਸਮੁੱਚੇ ਖੇਡ ਵਿਚ ਸੋਗ ਦੀ ਲਹਿਰ ਚੱਲ ਰਹੀ ਹੈ।

ਬਠਿੰਡਾ ਪ੍ਰੀਮੀਅਰ ਲੀਗ ਦਾ 15 ਫਰਵਰੀ ਨੂੰ ਹੋਵੇਗਾ ਸ਼ਾਨਦਾਰ ਆਗਾਜ਼

ਬਠਿੰਡਾ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਨਸ਼ਿਆਂ ਨੂੰ ਜੜ੍ਹੋਂ ਪੁੱਟਣ ਦੇ ਮਕਸਦ ਤਹਿਤ ਪੰਜਾਬ ਦੀ ਆਪ ਸਰਕਾਰ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਤਹਿਤ, ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਇੱਕ ਇਤਿਹਾਸਕ ਅਤੇ ਪ੍ਰੇਰਨਾਦਾਇਕ ਪਹਿਲਕਦਮੀ ਕੀਤੀ ਹੈ। ਸ਼ਹਿਰ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਇੱਕ ਸਕਾਰਾਤਮਕ ਦਿਸ਼ਾ ਦੇਣ ਲਈ ਸ਼ਾਨਦਾਰ ਬਠਿੰਡਾ ਪ੍ਰੀਮੀਅਰ ਲੀਗ ਬੀ.ਪੀ.ਐਲ. 2026 ਦਾ ਇਤਿਹਾਸਕ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਇਤਿਹਾਸਕ ਕ੍ਰਿਕਟ ਲੀਗ ਦਾ ਸ਼ੁਭ ਆਰੰਭ 15 ਫਰਵਰੀ ਨੂੰ ਪੁਲਿਸ ਲਾਈਨ ਗਰਾਊਂਡ ਦੇ ਕਾਪਸ ਕਲੱਬ ਵਿਖੇ ਕੀਤਾ ਜਾਵੇਗਾ। ਬੀ.ਪੀ.ਐਲ. 2026 ਦੇ ਪਹਿਲੇ ਹੀ ਦਿਨ ਦਰਸ਼ਕਾਂ ਨੂੰ ਜ਼ਬਰਦਸਤ ਰੋਮਾਂਚ ਵੇਖਣ ਨੂੰ ਮਿਲੇਗਾ, ਜਦੋਂ ਵਾਰਡ ਨੰਬਰ 48 ਅਤੇ ਵਾਰਡ ਨੰਬਰ 9 ਦੀਆਂ ਟੀਮਾਂ ਆਹਮੋ-ਸਾਹਮਣੇ ਹੋਣਗੀਆਂ ਅਤੇ ਚੌਕਿਆਂ ਅਤੇ ਛੱਕਿਆਂ ਦੀ ਬਾਰਿਸ਼ ਨਾਲ ਮੈਦਾਨ ਗੂੰਜ ਉੱਠੇਗਾ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਠਿੰਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ, 50 ਵਾਰਡਾਂ ਦੀਆਂ 50 ਟੀਮਾਂ ਇਸ ਪ੍ਰੀਮੀਅਰ ਲੀਗ ਵਿੱਚ ਹਿੱਸਾ ਲੈ ਰਹੀਆਂ ਹਨ। ਇਹ ਟੂਰਨਾਮੈਂਟ ਸ਼ਹਿਰ ਦੇ ਨੌਜਵਾਨਾਂ ਲਈ ਆਪਣੀ ਕ੍ਰਿਕਟ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਸ਼ਕਤੀਸ਼ਾਲੀ ਪਲੇਟਫਾਰਮ ਪ੍ਰਦਾਨ ਕਰੇਗਾ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਬੀ.ਪੀ.ਐਲ. 2026 ਵਿੱਚ ਵਿਸ਼ਵ ਕੱਪ ਵਰਗਾ ਅਹਿਸਾਸ ਹੋਵੇਗਾ। ਟੂਰਨਾਮੈਂਟ ਵਿੱਚ ਕੁਆਰਟਰ ਫਾਈਨਲ, ਸੈਮੀਫਾਈਨਲ ਅਤੇ ਫਾਈਨਲ ਸਮੇਤ ਹਾਈ-ਪ੍ਰੋਫਾਈਲ ਮੈਚ ਹੋਣਗੇ, ਅਤੇ ਜੇਤੂ ਟੀਮਾਂ ਨੂੰ ਆਕਰਸ਼ਕ ਇਨਾਮ ਮਿਲਣਗੇ।

ਉਨ੍ਹਾਂ ਕਿਹਾ ਕਿ 15 ਫਰਵਰੀ ਤੋਂ ਬਾਅਦ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਅੱਠ-ਅੱਠ ਮੈਚ ਖੇਡੇ ਜਾਣਗੇ। ਸਾਰੇ ਮੈਚ ਪੂਲ ਸਿਸਟਮ ਅਧੀਨ ਖੇਡੇ ਜਾਣਗੇ। ਹਰੇਕ ਪੂਲ ਵਿੱਚ ਪੰਜ ਟੀਮਾਂ ਹੋਣਗੀਆਂ ਅਤੇ ਹਰੇਕ ਟੀਮ ਆਪਣੇ ਪੂਲ ਦੀਆਂ ਦੂਜੀਆਂ ਟੀਮਾਂ ਨਾਲ ਚਾਰ-ਚਾਰ ਮੈਚ ਖੇਡੇਗੀ। ਸਾਰੇ ਮੈਚ ਬੀ.ਪੀ.ਐਲ. 20-20 ਫਾਰਮੈਟ ਵਿੱਚ ਹੋਣਗੇ।

ਟੂਰਨਾਮੈਂਟ ਢਾਂਚੇ ਦਾ ਵੇਰਵਾ ਦਿੰਦੇ ਹੋਏ

ਕੋਹੜ ਕਿਰਲਾ (ਗਿਰਗਿਟ)

ਪੁਸ਼ਪਿੰਦਰ ਜ਼ੈਰੂਪ



ਜਦੋਂ ਬੱਚੇ ਛੋਟੇ ਹੁੰਦੇ ਸੀ ਤਾਂ ਅਸੀਂ ਆਂਡੀ-ਗੁਆਂਢੀ ਵਿਹੜੇ ਦੀ ਕੰਧ, ਜੋ ਮਸਾਂ 4 ਕੁ ਫੁੱਟ ਦੀ ਸੀ, ਦੇ ਉੱਤੋਂ ਦੀ ਹੀ ਲੈਣ-ਦੇਣ ਕਰਦੇ ਅਤੇ ਇੱਕ ਦੂਜੇ ਦਾ ਹਾਲ-ਚਾਲ ਪੁੱਛਦੇ ਰਹਿੰਦੇ। ਕਈ ਵਾਰ ਜੇ ਮੌਸਮ ਸੁਹਾਵਣਾ ਹੁੰਦਾ ਜਾਂ ਛੁੱਟੀ ਦਾ ਦਿਨ ਹੁੰਦਾ ਤਾਂ ਹਾਲ-ਚਾਲ ਪੁੱਛਣ ਦਾ ਸਿਲਸਲਾ ਕਾਫ਼ੀ ਲੰਮੇ ਸਮੇਂ ਤਕ ਚਲਦਾ ਰਹਿੰਦਾ। ਇਸੇ ਤਰ੍ਹਾਂ ਇੱਕ ਵਾਰ ਮੀਂਹ ਤੋਂ ਅਗਲੇ ਦਿਨ ਮੈਂ ਤੇ ਮੇਰੀ ਗੁਆਂਢਣ ਪੰਮੀ, ਇੱਕ ਦੂਜੇ ਨਾਲ ਯੱਕੜ ਮਾਰ ਰਹੀਆਂ ਸੀ। ਸਾਡੇ ਬੱਚੇ ਘਰਾਂ ਦੇ ਸਾਹਮਣੇ ਸੜਕ ਤੋਂ ਪਾਸੇ ਖੇਡ ਰਹੇ ਸਨ। ਸੜਕ ਦੇ ਪਾਸਿਆਂ ਉੱਤੇ ਕਿਤੇ-ਕਿਤੇ ਮੀਂਹ ਦੇ ਪਾਣੀ ਦੀਆਂ ਛੋਟੀਆਂ ਛੋਟੀਆਂ ਛੱਪੜੀਆਂ ਬਣੀਆਂ ਹੋਈਆਂ ਸਨ। ਸਾਡੇ ਨੇੜੇ ਹੀ ਇੱਕ ਛੱਪੜੀ ਵਿੱਚ ਇੱਕ ਵੱਡਾ ਸਾਰਾ ਭਮੱਕੜ ਕਿਤੋਂ ਆ ਕੇ ਡਿੱਗ ਪਿਆ ਅਤੇ ਉਹ ਫੜਫੜਾਉਂਣ ਲੱਗ ਪਿਆ। ਐਨੇ ਨੂੰ ਅਚਾਨਕ ਪਤਾ ਨਹੀਂ ਕਿੱਥੋਂ ਸੜਕ ਦੇ ਪਾਸਿਆਂ ਉੱਤੇ ਪਏ ਪੱਤਿਆਂ ਵਿੱਚੋਂ ਕਿਸੇ ਚੀਜ਼ ਦੇ ਦੌੜਨ ਨਾਲ ਖੜ੍ਹ-ਖੜ੍ਹ ਹੋਈ। ਸਭ ਦਾ ਧਿਆਨ ਓਧਰ ਨੂੰ ਖਿੱਚਿਆ ਗਿਆ ਤੇ ਦੇਖਿਆ ਕਿ ਕੋਈ ਇੱਕ ਫੁੱਟ ਤੋਂ ਲੰਮਾ ਕਿਰਲਾ ਦੁੜੰਗੇ ਮਾਰਦਾ ਉਸ ਛੱਪੜੀ ਵੱਲ ਨੂੰ ਗਿਆ; ਉਸ ਨੇ ਛੇਤੀ ਨਾਲ ਉਸ ਭਮੱਕੜ ਨੂੰ ਆਪਣੇ ਮੂੰਹ ਵਿੱਚ ਫੜ੍ਹਿਆ ਅਤੇ ਮੁੜ ਓਵੇਂ ਹੀ ਦੁੜੰਗੇ ਮਾਰਦਾ ਉਹ ਵਾਪਸ ਕੰਧ ਉੱਤੇ ਚੜ੍ਹ ਗਿਆ।

ਕੰਧ ਉੱਤੇ ਚੜਦੇ ਸਾਰ ਉਸ ਨੇ ਬਿਨ੍ਹਾਂ ਚੱਬੇ, ਇੱਕੋ ਵਾਰ ਵਿੱਚ ਸਬੂਤੇ ਦਾ ਸਬੂਤਾ ਭਮੱਕੜ ਅੰਦਰ ਲੰਘਾ ਲਿਆ। ਇਹ ਸਾਰਾ ਕੰਮ ਬਸ ਉਸ ਨੇ ਕੁਝ ਸਕਿੰਟਾਂ ਵਿੱਚ ਹੀ ਕਰ ਲਿਆ। ਬੱਚੇ ਵੀ ਆਪਣੀ ਖੇਡ ਛੱਡ ਕੇ ਉਸ ਕਿਰਲੇ ਨੂੰ ਦੇਖ ਰਹੇ ਸਨ। ਉਨ੍ਹਾਂ ਵਿੱਚੋਂ ਰਾਜੂ ਕਹਿੰਦਾ,"ਮੇਰੇ ਦਾਦੀ ਜੀ ਕਹਿੰਦੇ ਹੁੰਦੇ ਸੀ ਕਿ ਜੋ ਇਹ 'ਕਿਰਲਾ' ਕਿਸੇ ਉੱਤੇ ਆਪਣਾ ਥੁੱਕ ਸੁੱਟ ਦੇਵੇ ਤਾਂ ਉਸ ਨੂੰ ਕੋਹੜ ਹੋ ਜਾਂਦਾ ਹੈ, ਇਸੇ ਲਈ ਇਸ ਕਿਰਲੇ ਨੂੰ 'ਕੋਹੜ ਕਿਰਲਾ' ਕਹਿੰਦੇ ਹਨ। ਸਾਰੇ ਬੱਚੇ ਰਾਜੂ ਦੀ ਗੱਲ ਸੁਣ ਕੇ ਡਰ ਕੇ ਪਿੱਛੇ ਨੂੰ ਹੋ ਗਏ। ਉਨ੍ਹਾਂ ਵਿੱਚੋਂ ਛੋਟੀ ਬੱਚੀ ਕਹਿੰਦੀ,"ਵੀਰ, ਇਹ ਕਿੰਨਾ ਡਰਾਉਣਾ ਹੈ, ਜੇ ਕਿਤੇ ਇਹ ਥੋੜ੍ਹਾ ਹੋਰ ਵੱਡਾ ਹੁੰਦਾ ਤਾਂ ਪੂਰਾ ਡਿਸਕਵਰੀ ਚੈਨਲ ਵਾਲਾ ਡਾਇਨਾਸੋਰ ਲੱਗਣਾ ਸੀ ਅਤੇ ਮੇਰੇ ਵਰਗੀ ਨੂੰ ਤਾਂ ਇਸ ਨੇ ਸਬੂਤਾ ਹੀ ਅੰਦਰ ਲੰਘਾ ਜਾਣਾ ਸੀ।

ਮੈਂ ਅਤੇ ਪੰਮੀ ਬੱਚਿਆਂ ਦੀਆਂ ਗੱਲਾਂ ਸੁਣ ਰਹੇ ਸੀ ਅਤੇ ਮੈਂ ਵਿੱਚੋਂ ਦੀ ਬੋਲੇ ਬਿਨਾਂ ਨਾ ਰਹਿ ਸਕੀ। ਮੈਂ ਕਿਹਾ,"ਬੇਟਾ, ਤੁਸੀਂ ਇਹ ਗੱਲ ਬਿਲਕੁਲ ਠੀਕ ਕਹੀ ਹੈ ਕਿਉਂਕਿ ਇਹ ਕੋਹੜ ਕਿਰਲਾ ਸੱਚ-ਮੁੱਚ ਹੀ ਡਾਇਨਾਸੋਰਾਂ ਦਾ ਬਹੁਤ ਨੇੜੇ ਦਾ ਰਿਸ਼ਤੇਦਾਰ ਹੁੰਦਾ ਹੈ। ਕਿਰਲੇ, ਸੱਪ, ਕਿਰਲੀਆਂ, ਕੱਛੂਪਾਥੀਆਂ, ਮਗਰਮੱਛ, ਡਾਇਨਾਸੋਰ ਆਦਿ ਦੇ ਸਾਂਝੇ ਸੰਗਠਨ ਨੂੰ 'ਰੈਪਟਿਲਿਆ' ਕਹਿੰਦੇ ਹਨ। ਸਾਰੇ ਬੱਚੇ ਮੇਰੇ ਮੂੰਹ ਵੱਲ ਦੇਖਣ ਲੱਗ ਪਏ ਅਤੇ ਪੱਪੂ ਕਹਿੰਦਾ,"ਆਂਟੀ ਜੀ, ਕੀ ਸੱਚ-ਮੁੱਚ ਇਸ ਕਿਰਲਾ ਦੇ ਥੁੱਕ ਸੁੱਟਣ ਨਾਲ ਕੋਹੜ ਹੋ ਜਾਂਦਾ ਹੈ ? "ਕੁਝ ਦਿਨ ਹੋਏ ਮੈਂ ਇੱਕ ਇਸੇ ਤਰ੍ਹਾਂ ਦਾ ਕਿਰਲਾ ਕੰਧ ਉੱਤੇ ਬੈਠਾ ਹੋਇਆ ਦੇਖਿਆ ਸੀ ਪਰ ਉਸ ਦਾ ਸਿਰ ਅਤੇ ਅੱਧਾ ਧੜ ਸੰਤਰੀ ਭੈ ਵਾਲੇ ਲਾਲ ਰੰਗ ਦਾ ਸੀ। ਉਹ ਕਦੇ ਆਪਣਾ ਮੂੰਹ ਖੋਲ੍ਹਦਾ ਸੀ ਅਤੇ ਕਦੇ ਬੰਦ ਕਰਦਾ ਸੀ ਅਤੇ ਇਸ ਦੇ ਨਾਲ ਉਹ ਆਪਣੇ ਸਿਰ ਨੂੰ ਹੇਠਾਂ-ਉੱਪਰ ਵੀ ਕਰੀ ਜਾ ਰਿਹਾ ਸੀ। ਆਂਟੀ ਜੀ, ਕੀ ਉਹ ਕੋਈ ਹੋਰ ਕਿਰਲਾ ਸੀ ? ਮੇਰਾ ਦੋਸਤ ਤਾਂ ਉਸ ਨੂੰ 'ਗਿਰਗਟ' ਕਹਿੰਦਾ ਸੀ। ਮੈਂ ਸਾਰੇ ਬੱਚਿਆਂ ਨੂੰ ਆਪਣੇ ਨੇੜੇ ਬੁਲਾ ਲਿਆ ਅਤੇ ਅਸੀਂ ਘਰ ਦੇ ਲਾਅਨ ਵਿੱਚ ਬੈਠ ਗਏ। ਮੈਂ ਦੱਸਣਾ ਸ਼ੁਰੂ ਕੀਤਾ ਕਿ ਸਭ ਤੋਂ ਪਹਿਲੀ ਗੱਲ ਇਹ ਕਿਰਲਾ ਕਿਸੇ ਉੱਤੇ ਥੁੱਕ ਨਹੀਂ ਸੁਟਦਾ। ਇਸ ਲਈ ਕਿਸੇ ਕਿਸਮ ਦਾ ਕੋਹੜ ਹੋਣ ਦਾ ਸਵਾਲ ਹੀ ਨਹੀਂ ਉੱਠਦਾ। ਦੂਜਾ ਇਹ ਤਾਂ ਖ਼ੁਦ ਇਨਸਾਨਾਂ ਤੋਂ ਬਹੁਤ ਡਰਦਾ ਹੈ। ਇਹ ਤਾਂ ਸਿਰਫ਼ ਦਿਨ ਵੇਲੇ ਕੀੜੇ-ਮਕੌੜਿਆਂ ਦੇ ਹੀ ਪਿੱਛੇ ਦੌੜ-ਦੌੜ ਕੇ ਉਨ੍ਹਾਂ ਨੂੰ ਫੜ੍ਹ ਕੇ ਖਾਂਦਾ ਹੈ।

ਜਿਸ ਵੇਲੇ ਇਨ੍ਹਾਂ ਨੇ ਕਿਸੇ ਉੱਤੇ ਰੋਹਬ ਪਾਉਣਾ ਹੁੰਦਾ ਹੈ ਜਾਂ ਡਰਾਉਣਾ ਹੁੰਦਾ ਹੈ ਜਾਂ ਆਪਣੀਆਂ ਮਾਦਾਵਾਂ ਨੂੰ ਲੁਭਾਉਣਾ ਹੁੰਦਾ ਹੈ ਤਾਂ ਇਹ ਕਿਸੇ ਉੱਚੀ ਥਾਂ ਜਿਵੇਂ ਕੰਧ ਜਾਂ ਕਿਸੇ ਦਰੱਖਤ ਦੀ ਟਾਹਣੀ ਉੱਤੇ ਬੈਠ ਜਾਂਦੇ ਹਨ ਤੇ ਆਪਣੀਆਂ ਅਗਲੀਆਂ ਲੱਤਾਂ ਨੂੰ ਅਕੜਾ ਕੇ ਸਿੱਧਾ ਕਰ ਲੈਂਦੇ ਹਨ ਅਤੇ ਆਪਣੇ ਸਿਰ ਨੂੰ ਵੀ ਪੂਰਾ ਉੱਚਾ ਚੁੱਕ ਲੈਂਦੇ ਹਨ। ਇਹ ਆਪਣੇ ਸਿਰ ਦੇ ਰੰਗ ਨੂੰ ਸੰਤਰੀ-ਲਾਲ, ਜਿਸ ਉੱਤੇ ਕਈ ਵਾਰ ਗੂੜ੍ਹੇ ਕਾਲੇ ਧੱਬੇ ਹੁੰਦੇ ਹਨ, ਕਰ ਲੈਂਦੇ ਹਨ। ਇਹ ਲਾਲ ਰੰਗ ਬਹੁਤੀ ਵਾਰ ਅਗਲੇ ਅੱਧੇ ਧੜ੍ਹ ਦਾ ਵੀ ਹੋ ਜਾਂਦਾ ਹੈ। ਫੇਰ ਇਹ ਮੂੰਹ ਖੋਲ੍ਹਣ ਅਤੇ ਬੰਦ ਕਰਨ ਅਤੇ ਸਿਰ ਨੂੰ ਉਪਰ-ਥੱਲੇ ਕਰਨ ਲੱਗ ਪੈਂਦੇ ਹਨ। ਇਸੇ ਕਰਕੇ ਕਈ ਥਾਵਾਂ ਉੱਤੇ ਇਨ੍ਹਾਂ ਦੇ ਲਾਲ ਰੰਗ ਤੋਂ ਡਰ ਕੇ ਲੋਕੀਂ ਇਨ੍ਹਾਂ ਨੂੰ 'ਬਲੱਡ ਸੱਕਰ' ਵੀ ਕਹਿੰਦੇ ਹਨ। ਇਨ੍ਹਾਂ ਦੀ ਰੰਗ ਬਦਲਣ ਦੀ ਆਦਤ ਕਰਕੇ ਇਨ੍ਹਾਂ ਨੂੰ ਅੰਗਰੇਜ਼ੀ ਵਿੱਚ 'ਚੇਂਜਏਬਲ ਲਿਜ਼ਰਡ' ਅਤੇ ਪੰਜਾਬੀ ਵਿੱਚ 'ਗਿਰਗਟ' ਕਹਿੰਦੇ ਹਨ। ਜਿਹੜਾ ਕਿਰਲਾ ਤੁਸੀਂ ਦੇਖਿਆ ਹੈ ਉਸ ਦਾ ਤਕਨੀਕੀ ਨਾਂ 'ਕੈਲੋਟਿਸ ਵਰਸੀਕਲਰ' ਹੈ। ਇਨ੍ਹਾਂ ਦੀਆਂ 300 ਜਾਤੀਆਂ ਦੇ ਪਰਿਵਾਰ ਨੂੰ 'ਐਗਾਮਿਡੇਈ' ਕਹਿੰਦੇ ਹਨ। ਇਨ੍ਹਾਂ ਦੇ ਅਤੇ ਹੋਰ ਘਰਾਂ ਵਿੱਚ ਮਿਲਣ ਵਾਲੀਆਂ ਕਿਰਲੀਆਂ ਦੇ ਸਾਂਝੇ ਸਮੂਹ ਨੂੰ 'ਸਕੁਐਮੇਟਾ' ਕਹਿੰਦੇ ਹਨ।

ਬੇਟਾ, ਇਹ ਹਰ ਵੇਲੇ ਚੁਕੰਨੇ ਰਹਿਣ ਵਾਲੇ ਕਿਰਲੇ ਏਸ਼ਿਆਈ ਦੇਸ਼ਾਂ ਜਿਵੇਂ, ਦੱਖਣੀ ਚੀਨ, ਭਾਰਤ, ਅਫ਼ਗ਼ਾਨਿਸਤਾਨ, ਪਾਕਿਸਤਾਨ, ਮਲੇਸ਼ੀਆ, ਸ਼੍ਰੀ ਲੰਕਾ ਅਤੇ ਮੌਰੀਸ਼ੀਅਸ ਵਿੱਚ ਆਮ ਮਿਲਦੇ ਹਨ ਪਰ ਆਵਾਜਾਈ ਸਾਧਨਾਂ ਦੇ ਵਧਣ ਨਾਲ ਹੌਲੀ-ਹੌਲੀ ਇਹ ਨਾਲ ਲੱਗਦੇ ਦੂਜੇ ਦੇਸ਼ਾਂ ਵਿੱਚ ਵਸ ਗਏ ਹਨ ਅਤੇ ਇਨ੍ਹਾਂ ਨੇ ਇਨਸਾਨਾਂ ਦੇ ਨੇੜੇ ਰਹਿਣਾ ਵੀ ਸਿਖ ਲਿਆ ਹੈ।

ਇਨ੍ਹਾਂ ਨੂੰ ਜ਼ਮੀਨ ਉੱਤੇ ਘੱਟ ਪਰ ਝਾੜੀਆਂ, ਦਰੱਖਤਾਂ, ਬਨੇਰਿਆਂ ਅਤੇ ਵਾੜਾਂ ਉੱਤੇ ਆਪਣੇ ਸ਼ਿਕਾਰ ਦੀ ਘਾਤ ਲਾ ਕੇ ਉਡੀਕ ਜਾਂ ਫਿਰ ਰੋਹਬ ਪਾਉਣ ਅਤੇ ਆਪਣਾ ਰਕਬਾ ਉਲੀਕਣ ਦੇ ਚੱਕਰ ਵਿੱਚ ਇਕੱਲੇ-ਇਕੱਲੇ ਹੀ ਬੈਠੇ ਦੇਖਿਆ ਜਾ ਸਕਦਾ ਹੈ। ਰਾਤ ਵੇਲੇ ਇਹ 3 ਤੋਂ 30 ਫੁੱਟ ਦੀ ਉਚਾਈ ਉੱਤੇ ਲੱਗੀਆਂ ਟਾਹਣੀਆਂ ਉੱਤੇ ਸੌਂਦੇ ਹਨ। ਮੀਂਹ ਪੈਣ ਦੇ ਮਗਰੋਂ ਇਹ ਅਕਸਰ ਜ਼ਮੀਨ ਉੱਤੇ ਕੀੜੇ, ਭਮੱਕੜ ਫੜ੍ਹਨ ਲਈ ਉੱਤਰਦੇ ਰਹਿੰਦੇ ਹਨ।

ਆਮ ਤੌਰ 'ਤੇ ਇਹ ਕਿਰਲੇ ਭੂਰੇ, ਸਲੇਟੀ ਜਾਂ ਹਰੇ ਰੰਗ ਦੀ ਭਾ ਵਾਲੇ ਪੀਲੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦਾ ਸਰੀਰ 40 ਤੋਂ 45 ਸੈਂਟੀਮੀਟਰ ਦੀ ਲੰਬਾਈ ਦਾ ਹੁੰਦਾ ਹੈ ਜਿਹੜਾ ਬੈਠਵੇਂ-ਰੁਖ਼ ਚਪਟਾ ਨਹੀਂ ਸਗੋਂ ਖੜ੍ਹਵੇਂ-ਰੁਖ਼ ਚਪਟਾ ਹੁੰਦਾ ਹੈ। ਸਿਰ ਵੱਡਾ ਅਤੇ ਮੂੰਹ ਵੱਡੀ ਸਾਰੀ ਵਾਕ ਵਾਲਾ ਹੁੰਦੀ ਹੈ। ਮੂੰਹ ਦੇ ਵਿੱਚ ਜਬਾੜ੍ਹੇ ਉੱਤੇ ਇੱਕ ਕਤਾਰ ਵਿੱਚ ਅੰਦਰ ਨੂੰ ਮੁੜੇ ਹੋਏ ਨਿੱਕੇ ਨਿੱਕੇ ਦੰਦ ਹੁੰਦੇ ਹਨ, ਜਿਹੜੇ ਪਕੜੇ ਹੋਏ ਸ਼ਿਕਾਰ ਨੂੰ ਚਬਾਉਣ ਲਈ ਨਹੀਂ ਸਗੋਂ ਮੂੰਹ ਵਿੱਚੋਂ ਬਾਹਰ ਨਿਕਲਣ ਵੇਲੇ ਰੋਕਣ ਦਾ ਕੰਮ ਕਰਦੇ ਹਨ।

ਇਹ ਆਪਣੀਆਂ ਦੋਨਾਂ ਅੱਖਾਂ ਨੂੰ ਵੱਖ-ਵੱਖ ਪਾਸਿਆਂ ਨੂੰ ਘੁਮਾ ਕੇ ਇੱਕੋ ਵੇਲੇ ਚਾਰੋਂ ਪਾਸੇ ਬਿਨਾਂ ਸਿਰ ਹਿਲਾਏ ਦੇਖ ਲੈਂਦੇ ਹਨ। ਅੱਖਾਂ ਦੇ ਨੇੜੇ ਅੰਡਾਕਾਰ ਕੰਨ ਦੇ ਪਰਦੇ ਬੜੀ ਆਸਾਨੀ ਨਾਲ ਦਿਖ ਜਾਂਦੇ ਹਨ, ਜਿਨ੍ਹਾਂ ਦੇ ਪਾਸਿਆਂ ਉੱਤੇ ਸਖ਼ਤ ਕੰਢਿਆਂ ਵਰਗੇ ਛੋਟੇ-ਛੋਟੇ ਉਭਾਰਾਂ ਦੇ ਗੁੱਛੇ ਲੱਗੇ ਹੁੰਦੇ ਹਨ। ਇਨ੍ਹਾਂ ਕਿਰਲਿਆਂ ਦੇ ਸਿਰ ਦੇ ਵਿਚਕਾਰੋਂ ਸ਼ੁਰੂ ਹੋ ਕੇ ਇੱਕ ਸਖ਼ਤ ਕੰਢਿਆਂ ਜਿਹਿਆਂ ਦੀ ਲਾਈਨ ਪੂਛ ਦੇ ਸ਼ੁਰੂ ਹੋਣ ਤਕ ਜਾਂਦੀ ਹੈ। ਜਿਸ ਵੇਲੇ ਇਹ ਗੁੱਸੇ ਵਿੱਚ ਹੁੰਦੇ ਹਨ ਤਾਂ ਇਹ ਆਪਣੇ ਇਨ੍ਹਾਂ ਕੰਢਿਆਂ ਨੂੰ ਖੜ੍ਹਾ ਵੀ ਕਰ ਲੈਂਦੇ ਹਨ ਅਤੇ ਆਪਣੀਆਂ ਗਾਂਲ੍ਹਾਂ ਵੀ ਫੁਲਾ ਲੈਂਦੇ ਹਨ। ਉਸ ਵੇਲੇ ਇਹ ਸੱਚ-ਮੁੱਚ ਹੀ ਬੜੇ ਡਰਾਉਣੇ ਲੱਗਦੇ ਹਨ। ਇਸੇ ਲਈ ਕਈ ਥਾਵਾਂ ਉੱਤੇ ਇਨ੍ਹਾਂ ਨੂੰ 'ਕਰੈਸਟਿਡ ਲਿਜ਼ਰਡ' ਵੀ ਕਹਿੰਦੇ ਹਨ।

ਬੱਚਿਓ, ਇਨ੍ਹਾਂ 'ਕੋਹੜ ਕਿਰਲਿਆਂ' ਜਾਂ 'ਗਿਰਗਿਟਾਂ' ਦੇ ਸਰੀਰ ਉੱਤੇ ਵੀ ਸੱਪ ਵਾਂਗ ਚਮੜੀ ਦੀਆਂ ਪਰਤਾਂ ਬਣੀਆਂ ਹੁੰਦੀਆਂ ਹਨ। ਪਿੱਠ ਵਾਲੇ ਪਾਸੇ ਇਹ ਵੱਖਰੇ ਵੱਖਰੇ ਰੰਗਾਂ ਦੀਆਂ ਹੁੰਦੀਆਂ ਹਨ ਪਰ ਢਿੱਡ ਵਾਲੇ ਪਾਸੇ ਇਨ੍ਹਾਂ ਦਾ ਰੰਗ ਚਿੱਟਾ ਜਾਂ ਫਿੱਕਾ ਪੀਲਾ ਹੁੰਦਾ ਹੈ। ਪਰ ਇਹ ਸੱਪਾਂ ਵਾਂਗ ਇੱਕੋ ਵਾਰ ਵਿੱਚ ਹੀ ਪੂਰੀ ਦੀ ਪੂਰੀ ਕੁੰਜ ਨਹੀਂ ਲਾਹੁੰਦੇ ਸਗੋਂ ਕਿਰਲੀਆਂ ਦੀ ਤਰ੍ਹਾਂ ਆਪਣੀ ਚਮੜੀ ਨੂੰ ਟੋਟਿਆਂ ਵਿੱਚ ਬਦਲਦੇ ਰਹਿੰਦੇ ਹਨ।

ਇਨ੍ਹਾਂ ਦੇ ਧੜ ਉੱਤੇ ਦੋ ਜੋੜੇ ਲੱਤਾਂ ਦੇ ਹੁੰਦੇ ਹਨ ਜਿੰਨ੍ਹਾਂ ਅੱਗੇ, ਲੰਮੀਆਂ-ਲੰਮੀਆਂ ਪੰਜ-ਪੰਜ ਉਂਗਲਾਂ ਵਾਲੇ ਪੈਰ ਹੁੰਦੇ ਹਨ। ਇਹ ਕਿਰਲੇ ਜ਼ਮੀਨ ਉੱਤੇ ਰੇਂਗਦੇ ਨਹੀਂ ਸਗੋਂ ਆਪਣੀਆਂ ਲੱਤਾਂ ਨਾਲ ਸਰੀਰ ਨੂੰ ਜ਼ਮੀਨ ਤੋਂ ਉੱਚਾ ਚੁੱਕ ਲੈਂਦੇ ਹਨ ਅਤੇ ਫੇਰ ਬਹੁਤ ਤੇਜ਼ ਭੱਜ ਲੈਂਦੇ ਹਨ। ਇਨ੍ਹਾਂ ਦੀ ਪੂਛ ਬਾਕੀ ਦੇ ਸਰੀਰ ਤੋਂ ਦੁੱਗਣੀ ਲੰਮੀ, ਕਿਸੇ ਸਖ਼ਤ ਝਾੜੂ ਦੇ ਤੀਲ੍ਹੇ ਵਾਂਗ ਸਿੱਧੀ, ਬਰੀਕ ਅਤੇ ਸਖ਼ਤ ਹੁੰਦੀ ਹੈ।

ਆਮ ਘਰਾਂ ਵਿੱਚ ਰਹਿਣ ਵਾਲੀਆਂ ਕਿਰਲੀਆਂ ਵਾਂਗ ਇਹ ਆਪਣੀ ਪੂਛ ਨੂੰ ਲੋੜ ਪੈਣ ਉੱਤੇ ਤੋੜ ਕੇ ਨਹੀਂ ਸੁੱਟ ਸਕਦੇ। ਇਨ੍ਹਾਂ 'ਕੋਹੜ ਕਿਰਲਿਆਂ' ਦੇ ਸਰੀਰ ਦਾ ਤਾਪਮਾਨ ਬਾਹਰਲੀ ਆਬੋ-ਹਵਾ ਦੇ ਤਾਪਮਾਨ ਦੇ ਨਾਲ-ਨਾਲ ਵਧਦਾ-ਘਟਦਾ ਰਹਿੰਦਾ ਹੈ। ਇਸ ਲਈ ਇਨ੍ਹਾਂ ਦੀ ਗਿਣਤੀ 'ਕੋਲਡ ਬਲੱਡਡ' ਜੀਵਾਂ ਵਿੱਚ ਹੁੰਦੀ ਹੈ। ਲੋੜ ਪੈਣ ਉੱਤੇ ਧੁੱਪ ਸੇਕ ਕੇ ਅਤੇ ਸੂਰਜ ਦੀ ਉਰਜਾ ਦਾ ਫਾਇਦਾ ਉਠਾ ਕੇ ਇਹ ਆਪਣੇ ਸਰੀਰ ਦਾ ਤਾਪਮਾਨ ਵਧਾ ਲੈਂਦੇ ਹਨ। ਇਹੋ ਕਾਰਨ ਹੈ ਕਿ ਇਨ੍ਹਾਂ ਨੂੰ ਸਰਦੀਆਂ ਵਿੱਚ ਦੁਪਹਿਰੇ ਅਤੇ ਗਰਮੀਆਂ ਵਿੱਚ ਸਵੇਰੇ ਕੰਧਾਂ ਜਾਂ ਦਰੱਖਤਾਂ ਦੀਆਂ ਟਾਹਣੀਆਂ ਉੱਤੇ ਬੈਠ ਕੇ ਧੁੱਪ ਸੇਕਦਿਆਂ ਅਕਸਰ ਦੇਖਿਆ ਜਾਂਦਾ ਹੈ।

ਬੇਟਾ, ਇਨ੍ਹਾਂ ਦੇ ਅੰਡਿਆਂ ਦੇ ਬਾਹਰ ਆਮ ਆਂਡਿਆਂ ਵਾਂਗ ਪੱਥਰ ਵਾਲਾ ਸਖ਼ਤ ਕਵਚ ਨਹੀਂ ਹੁੰਦਾ ਸਗੋਂ ਇੱਕ ਮੋਟੀ ਅਤੇ ਸਖ਼ਤ ਚਮੜੇ ਵਰਗੀ ਝਿੱਲੀ ਹੁੰਦੀ ਹੈ। ਅੰਡਿਆਂ ਵਿੱਚੋਂ ਸੂਰਜ ਦੀ ਗਰਮੀ ਨਾਲ ਹੀ ਅੱਠ ਤੋਂ ਨੌਂ ਹਫ਼ਤਿਆਂ ਵਿੱਚ ਬੱਚੇ ਬਣ ਜਾਂਦੇ ਹਨ ਅਤੇ ਝਿੱਲੀ ਨੂੰ ਪਾੜ ਕੇ ਆਪਣੇ ਆਪ ਮਿੱਟੀ ਵਿੱਚੋਂ ਬਾਹਰ ਨਿਕਲ ਆਉਂਦੇ ਹਨ। ਬੱਚਿਆਂ ਦੀ ਦਿੱਖ ਆਪਣੇ ਮਾਂ-ਬਾਪ ਵਾਲੀ ਹੀ ਹੁੰਦੀ ਹੈ ਅਤੇ ਉਹ ਕੋਈ ਇੱਕ ਸਾਲ ਵਿੱਚ ਪ੍ਰੌੜ੍ਹ ਬਣ ਜਾਂਦੇ ਹਨ।

ਬੱਚਿਓ, ਭਾਵੇਂ ਇਨ੍ਹਾਂ 'ਗਿਰਗਿਟਾਂ' ਦੀ ਦਿੱਖ ਬਹੁਤ ਭਿਆਨਕ ਹੈ ਪਰ ਇਹ ਇਨਸਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ, ਬਲਕਿ ਬਾਗਾਂ ਬਗੀਚਿਆਂ ਵਿੱਚੋਂ ਕੀੜੇ-ਮਕੌੜੇ ਖਾਂਦੇ ਹਨ ਅਤੇ ਆਪ ਕਈ ਕਿਸਮ ਦੇ ਜੀਵਾਂ ਦਾ ਭੋਜਨ ਬਣਦੇ ਹਨ। ਵੱਡਾ ਬੇਟਾ ਕਹਿੰਦਾ, ਮਾਂ ਫੇਰ ਸਿਰਫ਼ ਇਨ੍ਹਾਂ ਦੀ ਭਿਆਨਕ ਸੂਰਤ ਨੂੰ ਹੀ ਇਨ੍ਹਾਂ ਨੂੰ ਮਾਰਨ ਦੀ ਵਜ੍ਹਾ ਬਣਾਉਣਾ ਬਿਲਕੁਲ ਜਾਇਜ਼ ਨਹੀਂ ਹੈ।

ਕਹਾਣੀ ਕਿਰਾਏਦਾਰ

-ਡਾ. ਪ੍ਰਦੀਪ ਕੌੜਾ



ਇੱਕ ਵਾਰ ਫਿਰ ਘਰ ਖਾਲੀ-ਖਾਲੀ ਹੋ ਗਿਆ ਸੀ, ਜਿਵੇਂ ਇਸ ਘਰ ਵਿੱਚ ਕਦੇ ਕੋਈ ਵੱਸਦਾ ਹੀ ਨਹੀਂ ਸੀ। ਵੱਡਾ ਪੜ੍ਹ-ਲਿਖ ਕੇ ਜਦੋਂ ਕੈਨੇਡਾ ਸੈਟਲ ਹੋ ਗਿਆ ਤਾਂ ਇਹ ਤਸੱਲੀ ਸੀ ਕਿ ਕੋਈ ਗੱਲ ਨਹੀਂ, ਛੋਟਾ ਤਾਂ ਸਾਡੇ ਕੋਲ ਹੀ ਹੈ। ਪੈਸਾ ਕਮਾਉਣ ਦੀ ਲਾਲਸਾ ਵਿੱਚ ਛੋਟੇ ਦੇ ਵੀ ਵਿਦੇਸ਼ ਚਲੇ ਜਾਣ ਵਾਲੇ ਦਿਨ ਤੋਂ ਹੀ ਸਾਰਾ ਘਰ ਭਾਂਅ-ਭਾਂਅ ਕਰਨ ਲੱਗਾ ਸੀ। ਉਂਜ ਜਾਣ ਲੱਗੇ ਛੋਟਾ ਅਤੇ ਉਸ ਦੀ ਵਹੁਟੀ ਵਾਰ-ਵਾਰ ਉਨ੍ਹਾਂ ਨੂੰ ਬੱਚਿਆਂ ਵਾਂਗ ਸਮਝਾਕੇ ਗਏ ਸਨ, "ਦੇਖਣਾ ਭਾਪਾ ਜੀ ! ਐਂਵੇ ਯਕੀਨ ਕਰਕੇ ਕਿਸੇ ਐਰੇ-ਗੈਰੇ ਨੂੰ ਚਾਰ ਪੈਸਿਆਂ ਦੇ ਲਾਲਚ ਵਿੱਚ ਕਿਰਾਏ 'ਤੇ ਨਾ ਬਿਠਾ ਲੈਣਾ। ਤੁਹਾਨੂੰ ਜਿੰਨੇ ਪੈਸੇ ਚਾਹੀਦੇ ਹੋਣਗੇ, ਮੈਨੂੰ ਲਿਖਣਾ ਮੈਂ ਭੇਜਦਾ ਰਹਾਂਗਾ। ਅੱਜ-ਕੱਲ੍ਹ ਕਿਸੇ ਦਾ ਉੱਕਾ ਵਿਸ਼ਵਾਸ ਨਹੀਂ। ਪਹਿਲਾਂ ਚੰਗੇ ਬਣ ਕੇ ਮਕਾਨ ਮਾਲਕਾਂ ਦਾ ਵਿਸ਼ਵਾਸ ਜਿੱਤ ਲੈਂਦੇ ਨੇ ਅਤੇ ਬਾਅਦ ਵਿੱਚ ਨਿੱਤ ਅਖ਼ਬਾਰਾਂ ਵਿੱਚ ਪੜ੍ਹੀਦਾ ਕਿ ਕਿਰਾਏਦਾਰ ਰਾਤ ਨੂੰ ਮਕਾਨ ਮਾਲਕ ਦਾ ਕਤਲ ਕਰਕੇ ਘਰ ਦਾ ਸਾਰਾ ਕੁਝ ਲੁੱਟ ਕੇ ਫਰਾਰ ਹੋ ਗਿਆ।"

"ਵੈਸੇ ਤਾਂ ਥੋਨੂੰ ਤੁਹਾਡੀ ਪੈਨਸ਼ਨ ਹੀ ਨਹੀਂ ਮੁੱਕਿਆ ਕਰਨੀ। ਦੋ ਜੀਆਂ ਨੂੰ ਸੱਤ ਹਜ਼ਾਰ ਕਿਤੇ ਥੋੜ੍ਹਾ ਹੁੰਦੈ ?" ਜਿਹੜੀ ਗੱਲ ਛੋਟਾ ਮੂੰਹ ਪਾੜ ਕੇ ਕਹਿ ਨਹੀਂ ਸੀ ਸਕਦਾ ਉਹ

ਆਪ੍ਰੇਸ਼ਨ ਪ੍ਰਹਾਰ 2.0 ਤਹਿਤ ਵੱਡੀ ਸਫਲਤਾ ; ਜਲੰਧਰ ਦਿਹਾਤੀ ਪੁਲਿਸ ਵਲੋਂ ਗੈਰ-ਕਾਨੂੰਨੀ ਹਥਿਆਰਾਂ ਸਮੇਤ ਤਿੰਨ ਗ੍ਰਿਫ਼ਤਾਰ

3 ਗੈਰ-ਕਾਨੂੰਨੀ ਪਿਸਤੌਲ, 14 ਜ਼ਿੰਦਾ ਕਾਰਤੂਸ ਅਤੇ ਇੱਕ ਮੋਟਰਸਾਈਕਲ ਬਰਾਮਦ

ਜਲੰਧਰ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਐਸ.ਐਸ.ਪੀ. (ਜਲੰਧਰ ਦਿਹਾਤੀ) ਹਰਵਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਡੀ.ਐਸ.ਪੀ (ਸਥਾਨਕ/ਤਫਤੀਸ਼) ਮੁਕੇਸ਼ ਕੁਮਾਰ ਅਤੇ ਡੀ.ਐਸ.ਪੀ. ਕਰਤਾਰਪੁਰ ਨਰਿੰਦਰ ਸਿੰਘ ਨੇ 'ਆਪ੍ਰੇਸ਼ਨ ਪ੍ਰਹਾਰ 2.0' ਤਹਿਤ ਇੱਕ ਮਹੱਤਵਪੂਰਨ ਸਫਲਤਾ ਹਾਸਲ ਕੀਤੀ ਹੈ।

ਇੰਸਪੈਕਟਰ ਰਮਨਦੀਪ ਸਿੰਘ ਮੁੱਖ ਅਫਸਰ, ਥਾਣਾ ਕਰਤਾਰਪੁਰ ਦੀ ਅਗਵਾਈ ਵਾਲੀ ਪੁਲਿਸ ਟੀਮ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਗੈਰ-ਕਾਨੂੰਨੀ ਹਥਿਆਰ, ਗੋਲਾ ਬਾਰੂਦ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ.ਐਸ.ਪੀ. ਨੇ ਦੱਸਿਆ ਕਿ ਅੱਜ ਏ.ਐਸ.ਆਈ. ਹਰਦੀਪ ਸਿੰਘ ਦੀ ਅਗਵਾਈ ਵਾਲੀ ਇੱਕ ਪੁਲਿਸ ਪਾਰਟੀ ਸ਼ੱਕੀ ਵਿਅਕਤੀਆਂ ਦੀ ਜਾਂਚ ਲਈ ਕਰਤਾਰਪੁਰ ਬੱਸ ਸਟੈਂਡ ਦੇ ਨੇੜੇ ਮੌਜੂਦ ਸੀ। ਇਸ ਦੌਰਾਨ ਖਾਸ ਅਤੇ ਭਰੋਸੇਯੋਗ ਖੁਫੀਆ ਜਾਣਕਾਰੀ ਮਿਲੀ ਕਿ ਤਿੰਨ ਆਦਤਨ ਅਪਰਾਧੀ ਇੱਕ ਕਾਲੇ ਮੋਟਰਸਾਈਕਲ (ਰਜਿਸਟ੍ਰੇਸ਼ਨ ਨੰਬਰ ਪੀਬੀ-36-ਐਮ-2047) 'ਤੇ ਕਪੂਰਥਲਾ ਤੋਂ ਕਰਤਾਰਪੁਰ ਵੱਲ ਆ ਰਹੇ ਹਨ ਅਤੇ ਉਨ੍ਹਾਂ ਕੋਲ ਗੈਰ-ਕਾਨੂੰਨੀ ਹਥਿਆਰ ਹਨ।

ਸੂਚਨਾ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਕਰਤਾਰਪੁਰ-ਕਪੂਰਥਲਾ ਰੋਡ 'ਤੇ ਪਿੰਡ ਬਿਸ਼ਰਾਮਪੁਰ ਨੇੜੇ ਇੱਕ ਨਾਕਾ ਲਗਾਇਆ ਗਿਆ। ਜਦੋਂ ਮੋਟਰਸਾਈਕਲ ਕਪੂਰਥਲਾ ਵਾਲੇ ਪਾਸੇ ਤੋਂ ਨੇੜੇ ਆਇਆ, ਤਾਂ ਪੁਲਿਸ ਪਾਰਟੀ ਨੂੰ ਦੇਖ ਕੇ ਸਵਾਰਾਂ ਨੇ ਇੱਕ ਕੱਚੀ ਸੜਕ ਵੱਲ ਮੋੜਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਜਲਦੀ ਹੀ ਫੜ ਲਿਆ ਗਿਆ।

ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਉਰਫ ਤੰਨਾ (ਡਰਾਈਵਰ) ਪੁੱਤਰ ਜਿੰਦਰਜੀਤ ਸਿੰਘ (ਵਾਸੀ ਬਿਸ਼ਨਪੁਰ ਜੱਟਾ, ਜ਼ਿਲ੍ਹਾ ਕਪੂਰਥਲਾ), ਹਰਮਨਪ੍ਰੀਤ ਉਰਫ ਹਰਮਨ (ਪਿੱਛੇ ਬੈਠਾ) ਪੁੱਤਰ ਭੁੱਲਾ ਰਾਮ (ਵਾਸੀ ਪੱਕਾ ਮੁਹੱਲਾ, ਦਿਆਲਪੁਰ, ਕਰਤਾਰਪੁਰ, ਜ਼ਿਲ੍ਹਾ ਜਲੰਧਰ) ਅਤੇ ਵਿਸ਼ਾਲ (ਵਿਚਕਾਰ ਬੈਠਾ) ਪੁੱਤਰ ਪਰਮਜੀਤ ਸਿੰਘ (ਵਾਸੀ ਪਿੰਡ ਖਾਂਕੇ ਫਹਿਤਗੜ੍ਹ, ਮੌਜੂਦਾ ਸੋਨੀਆ ਮੁਹੱਲਾ, ਕਰਤਾਰਪੁਰ, ਜ਼ਿਲ੍ਹਾ ਜਲੰਧਰ) ਵਜੋਂ ਹੋਈ ਹੈ।

ਉਕਤ ਮੋਟਰਸਾਈਕਲ ਤੋਂ ਇਲਾਵਾ ਨਿੱਜੀ ਤਲਾਸ਼ੀ ਅਤੇ ਚੈਕਿੰਗ ਦੌਰਾਨ ਵਿਸ਼ਾਲ ਤੋਂ 1 ਪਿਸਤੌਲ (.32 ਬੋਰ) ਸਮੇਤ 2 ਜ਼ਿੰਦਾ ਕਾਰਤੂਸ, ਗੁਰਪ੍ਰੀਤ ਉਰਫ ਤੰਨਾ ਤੋਂ 1 ਪਿਸਤੌਲ (.32 ਬੋਰ) ਸਮੇਤ 2 ਜ਼ਿੰਦਾ ਕਾਰਤੂਸ ਅਤੇ ਹਰਮਨਪ੍ਰੀਤ ਉਰਫ ਹਰਮਨ ਤੋਂ 1 ਪਿਸਤੌਲ (.30 ਬੋਰ) ਸਮੇਤ 10 ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ।

ਇਸ ਅਨੁਸਾਰ, ਅਸਲਾ ਐਕਟ ਦੀਆਂ ਧਾਰਾਵਾਂ 25 (6), 25 (7), 25(8), 54 ਅਤੇ 59 ਤਹਿਤ ਐਫਆਈਆਰ ਨੰਬਰ 25 ਮਿਤੀ 09.02.2026 ਨੂੰ ਪੁਲਿਸ ਸਟੇਸ਼ਨ ਕਰਤਾਰਪੁਰ ਵਿਖੇ ਦਰਜ ਕਰ ਲਈ ਗਈ ਹੈ।

ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਅਤੇ ਹੋਰ ਪੁੱਛਗਿੱਛ ਲਈ ਪੁਲਿਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ, ਜਿਸ ਦੌਰਾਨ ਹੋਰ ਮਹੱਤਵਪੂਰਨ ਖੁਲਾਸੇ ਹੋਣ ਦੀ ਉਮੀਦ ਹੈ। ਐਸ.ਐਸ.ਪੀ. ਸ਼੍ਰੀ ਵਿਰਕ ਨੇ ਦੱਸਿਆ ਕਿ ਮੁਲਜ਼ਮ ਹਰਮਨਪ੍ਰੀਤ ਉਰਫ ਹਰਮਨ ਫਰਾਰ ਸੀ ਅਤੇ ਥਾਣਾ ਕਰਤਾਰਪੁਰ ਵਿਖੇ ਦਰਜ ਐਫਆਈਆਰ ਨੰਬਰ 276/2025 ਅਤੇ ਐਫਆਈਆਰ ਨੰਬਰ 294/2025 ਵਿੱਚ ਲੋੜੀਂਦਾ ਸੀ।

ਉਨ੍ਹਾਂ ਦੱਸਿਆ ਕਿ ਇਸ ਵਿਰੁੱਧ ਐਫਆਈਆਰ ਨੰਬਰ 276 ਮਿਤੀ 02.11.2025 (ਧਾਰਾਵਾਂ 326(ਜੀ), 61(2), 190, 191(3), 25 ਬੀਐਨਐਸ, ਥਾਣਾ ਕਰਤਾਰਪੁਰ), ਐਫਆਈਆਰ ਨੰਬਰ 294 ਮਿਤੀ 20.11.2025 (ਧਾਰਾਵਾਂ 109, 324(4), 3(5) ਬੀਐਨਐਸ, 25/27 ਅਸਲਾ ਐਕਟ, ਥਾਣਾ ਕਰਤਾਰਪੁਰ), ਐਫਆਈਆਰ ਨੰਬਰ 198 ਮਿਤੀ 21.08.2025 (ਧਾਰਾਵਾਂ 115(2), 118(1), 126(1), 351(2), 191(3) ਬੀਐਨਐਸ, ਥਾਣਾ ਕਰਤਾਰਪੁਰ) ਅਤੇ ਐਫਆਈਆਰ ਨੰਬਰ 85 ਮਿਤੀ 13.05.2025 - ਧਾਰਾ 25 ਅਸਲਾ ਐਕਟ, ਥਾਣਾ ਕਰਤਾਰਪੁਰ ਵਿਖੇ ਦਰਜ ਹੈ। ਉਨ੍ਹਾਂ ਦੱਸਿਆ ਕਿ ਵਿਸ਼ਾਲ ਖਿਲਾਫ ਐਫਆਈਆਰ ਨੰਬਰ 140 ਮਿਤੀ 19.08.2025 (ਧਾਰਾ 25 ਅਸਲਾ ਐਕਟ) ਥਾਣਾ ਸਦਰ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਦਰਜ ਹੈ। ਇਸ ਤੋਂ ਇਲਾਵਾ ਗੁਰਪ੍ਰੀਤ ਖਿਲਾਫ ਐਫਆਈਆਰ ਨੰਬਰ 14/2024, ਧਾਰਾ 323, 324, 341, 148, 149 ਆਈਪੀਸੀ, ਥਾਣਾ. ਸਦਰ ਕਪੂਰਥਲਾ, ਜ਼ਿਲ੍ਹਾ ਕਪੂਰਥਲਾ ਵਿਖੇ ਦਰਜ ਹੈ।

ਕੇਂਦਰ ਸਰਕਾਰ ਨੇ ਸੁਨਾਮ ਵਾਸੀਆਂ ਨੂੰ ਦਿੱਤਾ ਵੱਡਾ ਤੋਹਫਾ : ਦਾਮਨ ਬਾਜਵਾ

ਸੁਨਾਮ ਊਧਮ ਸਿੰਘ ਵਾਲਾ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਜ਼ਿਲ੍ਹਾ ਸੰਗਰੂਰ ਦੀ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਆਪਣੇ ਫੇਸਬੁੱਕ ਪੇਜ ਤੇ ਜਾਣਕਾਰੀ ਸਾਂਝੀ ਕਰਦਿਆ ਕਿਹਾ ਕਿ ਸੁਨਾਮ ਊਧਮ ਸਿੰਘ ਵਾਲਾ ਦੇ ਨਿਵਾਸੀਆਂ ਲਈ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਵਿਕਾਸ ਦਾ ਇੱਕ ਹੋਰ ਵੱਡਾ ਤੋਹਫ਼ਾ ਦਿੱਤਾ ਗਿਆ ਹੈ। ਇਲਾਕੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੁੱਲ 17.09 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਲਾਗੂ ਕੀਤਾ ਗਿਆ ਹੈ।

ਇਸ ਤਹਿਤ 8.14 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਰੇਲਵੇ ਅੰਡਰਬ੍ਰਿਜ ਤਿਆਰ ਹੋ ਚੁੱਕਾ ਹੈ, ਜੋ ਬਹੁਤ ਜਲਦ ਸੁਨਾਮ ਨਿਵਾਸੀਆਂ ਨੂੰ ਸਮਰਪਿਤ ਕੀਤਾ ਜਾਵੇਗਾ। ਇਸ ਅੰਡਰਬ੍ਰਿਜ ਨਾਲ ਆਵਾਜਾਈ ਸੁਗਮ ਹੋਵੇਗੀ ਅਤੇ ਲੋਕਾਂ ਨੂੰ ਰੋਜ਼ਾਨਾ ਦੀ ਆਉਣ-ਜਾਣ ਵਿੱਚ ਵੱਡੀ ਰਾਹਤ ਮਿਲੇਗੀ। ਦਾਮਨ ਬਾਜਵਾ ਨੇ ਦੱਸਿਆ ਕਿ ਇਸ ਤੋਂ ਇਲਾਵਾ 8.95 ਕਰੋੜ ਰੁਪਏ ਦੀ ਲਾਗਤ ਨਾਲ ਰੇਲਵੇ ਫੁੱਟ ਓਵਰਬ੍ਰਿਜ ਦਾ ਕੰਮ ਵੀ ਜਲਦ ਸ਼ੁਰੂ ਹੋਣ ਜਾ ਰਿਹਾ ਹੈ। ਇਸ ਫੁੱਟ ਓਵਰਬ੍ਰਿਜ ਵਿੱਚ ਪੌੜੀਆਂ ਦੇ ਨਾਲ-ਨਾਲ ਆਧੁਨਿਕ ਸੁਵਿਧਾਵਾਂ ਅਨੁਸਾਰ ਰੈਂਪ ਦੀ ਵੀ ਵਿਵਸਥਾ ਕੀਤੀ ਜਾਵੇਗੀ, ਤਾਂ ਜੋ ਬਜ਼ੁਰਗਾਂ ਅਤੇ ਵਿਸ਼ੇਸ਼ ਯੋਗਤਾ ਵਾਲੇ ਵਿਅਕਤੀਆਂ ਨੂੰ ਵੀ ਸਹੂਲਤ ਮਿਲ ਸਕੇ।

ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਨੇ ਕਿਹਾ ਕਿ ਮੋਦੀ ਸਰਕਾਰ ਹਮੇਸ਼ਾਂ ਵਿਕਾਸ ਅਤੇ ਲੋਕ-ਭਲਾਈ ਲਈ ਵਚਨਬੱਧ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸੁਨਾਮ ਖੇਤਰ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਰਹਿਣਗੇ, ਇਸ ਕਾਰਜਾਂ ਸਬੰਧੀ ਭਾਜਪਾ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦਾ ਅਤੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਧੰਨਵਾਦ ਕੀਤਾ।

ਪੰਜਾਬ ਸਰਕਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਪੰਜਾਬ ਕ੍ਰਿਕਟ ਲੀਗ ਨੂੰ ਦਿੱਤੀ ਪ੍ਰਵਾਨਗੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਚੰਡੀਗੜ੍ਹ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀ ਖੇਡ ਵਿਰਾਸਤ ਬਹਾਲ ਕਰਕੇ ਨਸ਼ਿਆਂ ਨੂੰ ਖ਼ਤਮ ਕਰਨ ਦੇ ਦ੍ਰਿੜ੍ਹ ਸੰਕਲਪ ਤਹਿਤ ਭਗਵੰਤ ਮਾਨ ਸਰਕਾਰ ਨੇ ਅੱਜ ਪੰਜਾਬ ਕ੍ਰਿਕਟ ਲੀਗ (ਪੀ.ਸੀ.ਐਲ.) ਦੀ ਸ਼ੁਰੂਆਤ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਲੀਗ ਤਹਿਤ ਖੇਡਾਂ ਨੂੰ ਇੱਕ ਆਊਟਰੀਚ ਪ੍ਰੋਗਰਾਮ ਦੀ ਬਜਾਏ ਨੌਜਵਾਨਾਂ ਦੇ ਸ਼ਕਤੀਕਰਨ ਲਈ ਰਣਨੀਤਕ ਦਖ਼ਲ ਵਜੋਂ ਦੇਖਿਆ ਜਾਵੇਗਾ।

ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਦੀ ਤਰਜ਼ 'ਤੇ ਜ਼ਿਲ੍ਹਾ ਤੇ ਖੇਤਰੀ ਪੱਧਰ 'ਤੇ ਟੀਮਾਂ ਬਣਾ ਕੇ ਅਤੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਦੇ ਸਹਿਯੋਗ ਨਾਲ ਕਰਵਾਈ ਜਾਣ ਵਾਲੀ ਇਸ ਲੀਗ ਦਾ ਉਦੇਸ਼ ਨੌਜਵਾਨ ਪ੍ਰਤਿਭਾ ਦੀ ਪਛਾਣ ਕਰਨਾ, ਤਿਆਰ ਕਰਨਾ ਅਤੇ ਪੇਸ਼ੇਵਰ ਰਾਹ 'ਤੇ ਲੈ ਜਾਣਾ ਹੈ। ਇਸ ਦੇ ਨਾਲ ਹੀ ਇਸ ਦਾ ਉਦੇਸ਼ ਖੇਡਾਂ ਵਿੱਚ ਜ਼ਿਲ੍ਹਾ ਅਤੇ ਰਾਜ-ਪੱਧਰੀ ਲੀਗਾਂ ਦਾ ਇੱਕ ਵਿਆਪਕ ਈਕੋ-ਸਿਸਟਮ ਸਥਾਪਤ ਕਰਨਾ ਹੈ ਤਾਂ ਜੋ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਅਨੁਸ਼ਾਸਨ, ਨਵੇਂ ਮੌਕਿਆਂ ਅਤੇ ਰਾਸ਼ਟਰੀ ਪ੍ਰਤੀਨਿਧਤਾ ਵੱਲ ਲੈ ਜਾਇਆ ਜਾ ਸਕੇ।

ਮੀਟਿੰਗ ਵਿੱਚ ਲਏ ਗਏ ਕੁਝ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਚੰਡੀਗੜ੍ਹ ਵਿਖੇ ਖੇਡ ਅਤੇ ਯੁਵਕ ਸੇਵਾਵਾਂ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕਰਨ ਲਈ ਮੀਟਿੰਗ ਕੀਤੀ, ਜਿਸ ਵਿੱਚ ਰਾਜ ਭਰ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਦੇ ਉਦੇਸ਼ ਨਾਲ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਵਿੱਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣ। ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਬਹਾਲ ਕਰਨ ਅਤੇ ਸੂਬੇ ਭਰ ਦੇ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ। ਖੇਡ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਤੋਂ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਪੰਜਾਬ ਕ੍ਰਿਕਟ ਐਸੋਸੀਏਸ਼ਨ ਅਤੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਤਾਲਮੇਲ ਨਾਲ ਪ੍ਰੀਮੀਅਰ ਲੀਗ ਦੀ ਤਰਜ਼ 'ਤੇ ਕਰਵਾਈ ਜਾਵੇਗੀ ਅਤੇ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਸਾਰੇ ਜ਼ਿਲ੍ਹਿਆਂ ਅਤੇ ਮਾਝਾ, ਦੋਆਬਾ ਤੇ ਮਾਲਵਾ ਵਰਗੇ ਭੂਗੋਲਿਕ ਖੇਤਰਾਂ ਦੇ ਆਧਾਰ 'ਤੇ ਟੀਮਾਂ ਬਣਾਈਆਂ ਜਾਣਗੀਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੀਗ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਕ੍ਰਿਕਟ ਟੂਰਨਾਮੈਂਟਾਂ ਲਈ ਕ੍ਰਿਕਟਰਾਂ ਦਾ ਪ੍ਰਤਿਭਾਸ਼ਾਲੀ ਪੂਲ ਪੈਦਾ ਕਰਨ ਵਿੱਚ ਮਦਦ ਕਰੇਗੀ।

ਇਸ ਦੇ ਨਾਲ ਹੀ ਉਨ੍ਹਾਂ ਨੇ ਸੂਬੇ ਭਰ ਵਿੱਚ ਹੋਰਨਾਂ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਵਾਲੀਬਾਲ, ਫੁੱਟਬਾਲ, ਹਾਕੀ, ਬਾਸਕਟਬਾਲ, ਖੋ-ਖੋ ਅਤੇ ਕਬੱਡੀ ਵਰਗੀਆਂ ਖੇਡਾਂ ਲਈ ਵੀ ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਲੀਗ ਟੂਰਨਾਮੈਂਟ ਕਰਵਾਏ ਜਾਣੇ ਚਾਹੀਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਚੰਗੀ ਤਰ੍ਹਾਂ ਸਿਖ਼ਲਾਈ ਪ੍ਰਾਪਤ ਅਤੇ ਪ੍ਰਤਿਭਾਸ਼ਾਲੀ ਖਿਡਾਰੀ ਪੈਦਾ ਕਰਨ ਲਈ ਠੋਸ ਮੁਹਿੰਮ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵੱਧ ਤੋਂ ਵੱਧ ਪੰਜਾਬੀ ਖਿਡਾਰੀ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ।

ਪੰਜਾਬ ਦੀ ਅਮੀਰ ਖੇਡ ਵਿਰਾਸਤ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਖੇਡ ਪ੍ਰਤਿਭਾ ਦਾ ਭੰਡਾਰ ਹੈ ਅਤੇ ਸਰਕਾਰ ਇਸ ਨੂੰ ਵਧਣ-ਫੁੱਲਣ ਵਿੱਚ ਮਦਦ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਅਥਾਹ ਖੇਡ ਪ੍ਰਤਿਭਾ ਹੈ ਅਤੇ ਸੂਬਾ ਸਰਕਾਰ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਹਿੱਸਾ ਲੈ ਕੇ ਦੇਸ਼ ਲਈ ਤਗਮੇ ਜਿੱਤਣ ਦੇ ਯੋਗ ਬਣਾਉਣ ਖ਼ਾਤਰ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਅੱਗੇ ਵਧਣ ਅਤੇ ਸੂਬੇ ਦਾ ਨਾਮ ਰੌਸ਼ਨ ਕਰਨ ਲਈ ਸਹੀ ਦਿਸ਼ਾ ਪ੍ਰਦਾਨ ਕਰਦਿਆਂ ਸਾਡੇ ਨੌਜਵਾਨਾਂ ਨੂੰ ਬੁਲੰਦੀਆਂ ਛੂਹਣ ਅਤੇ ਆਪਣੀ ਸ਼ਖ਼ਸੀਅਤ ਨਿਖ਼ਾਰਨ ਦੇ ਬੇਮਿਸਾਲ ਮੌਕੇ ਦਿੰਦੀਆਂ ਹਨ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਖੇਡਾਂ ਦੇ ਖੇਤਰ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਦ੍ਰਿੜ੍ਹ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਖੇਡਾਂ ਵਿੱਚ ਪੰਜਾਬ ਦੀ ਸ਼ਾਨ ਨੂੰ ਸੁਰਜੀਤ ਕਰਨ ਲਈ ਵਚਨਬੱਧ ਹੈ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਲਾਇਨਜ਼ ਕਲੱਬ ਵੱਲੋਂ ਲਗਾਇਆ ਗਿਆ ਮੁਫ਼ਤ ਅੱਖਾਂ ਦਾ ਚੈਕਅੱਪ ਤੇ ਆਪਰੇਸ਼ਨ ਕੈਂਪ

ਫਾਜ਼ਿਲਕਾ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲਾਇਨਜ਼ ਕਲੱਬ ਫਾਜ਼ਿਲਕਾ ਵੱਲੋਂ ਸ਼੍ਰੀ ਰਾਮ ਸ਼ਰਨਮ ਵਿਖੇ 39 ਮੁਫ਼ਤ ਅੱਖਾਂ ਦਾ ਚੈਕਅੱਪ ਤੇ ਆਪਰੇਸ਼ਨ ਕੈਂਪ ਲਗਾਇਆ ਗਿਆ, ਇਸ ਦੌਰਾਨ ਵਿਧਾਇਕ ਫਾਜ਼ਿਲਕਾ ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ ਤੇ ਮੈਡਮ ਖੁਸ਼ਬੂ ਸਵਨਾ ਨੇ ਸ਼ਿਰਕਤ ਕੀਤੀ।

ਉਨ੍ਹਾਂ ਕੈਂਪ ਦਾ ਉਦਘਾਟਨ ਕਰਦਿਆਂ ਕਿਹਾ ਕਿ ਬਿਨਾਂ ਸਵਾਰਥ ਤੋਂ ਕੀਤੇ ਗਏ ਭਲਾਈ ਵਾਲੇ ਕੰਮ ਹਮੇਸ਼ਾ ਯਾਦ ਰੱਖੇ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਚੈਕ

ਵਿਦੇਸ਼ਾਂ ’ਚ ਸਿੱਖੀ ਸਰੂਪ ਸਬੰਧੀ ਗ਼ਲਤ-ਫਹਿਮੀਆਂ ਨੂੰ ਕਿਵੇਂ ਦੂਰ ਕੀਤਾ ਜਾਵੇ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਲਿਹਾਰੇ ਜਾਂਦੇ ਹਾਂ, ਜਿਨ੍ਹਾਂ ਨੇ ਸਾਰੇ ਪਰਿਵਾਰ ਨੂੰ ਸਿੱਖ ਪੰਥ ਤੋਂ ਕੁਰਬਾਨ ਕਰਕੇ ਸਿੱਖੀ ਸਰੂਪ ਨੂੰ ਸਾਡੀ ਝੋਲੀ ਪਾਇਆ ਹੈ। ਇਸ ਸਰੂਪ ਦੀ ਬਹਾਲੀ ਨੂੰ ਕਾਇਮ ਰੱਖਣ ਲਈ ਸਿੱਖਾਂ ਨੇ ਸਮੇਂ-ਸਮੇਂ ਸਿਰ ਬੜਾ ਭਾਰੀ ਯੋਗਦਾਨ ਪਾਇਆ ਹੈ। ਵਿਦੇਸ਼ਾਂ ਵਿਚ ਇਸ ਸਰੂਪ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ ਸਿੱਖਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸਲ ਵਿਚ ਸਿੱਖ ਸ਼ੁਰੂ ਤੋਂ ਹੀ ਇਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਆ ਰਹੇ ਹਨ। ਕਦੇ ਫੌਜ ਵਿਚ, ਕਦੇ ਕ੍ਰਿਪਾਨ ਦਾ ਮਸਲਾ, ਕਦੇ ਵਿਦੇਸ਼ਾਂ ਵਿਚ ਸਿੱਖੀ ਸਰੂਪ ਕਾਰਨ ਸਕੂਲਾਂ-ਕਾਲਜਾਂ ਵਿਚ ਦਾਖਲੇ ’ਤੇ ਪਾਬੰਦੀ, ਕਦੇ ਦਸਤਾਰ ਕਾਰਨ ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਦੀਆਂ ਪਾਬੰਦੀਆਂ ਅਤੇ ਹੁਣ ਸਭ ਤੋਂ ਖਤਰਨਾਕ ਦੁਨੀਆ ਦੇ ਕਈ ਏਅਰਪੋਰਟਾਂ ’ਤੇ ਦਸਤਾਰ ਉਤਾਰ ਕੇ ਤਲਾਸ਼ੀ ਲਈ ਜਾਂਦੀ ਹੈ। ਇਸ ਦੀ ਮਿਸਾਲ ਮੈਨੂੰ ਯਾਦ ਹੈ, ਪਿਛਲੇ ਸਾਲ ਜਰਮਨ ਦੇ ਸ਼ਹਿਰ ਮਿਊਨਿਖ ਵਿਖੇ ਸਫਰ ਕਰ ਰਹੇ 4 ਸਿੱਖਾਂ ਨੂੰ ਪਗੜੀ ਉਤਾਰ ਕੇ ਤਲਾਸ਼ੀ ਲੈਣ ਕਾਰਨ ਉਨ੍ਹਾਂ ਨੂੰ ਟਰੇਨ ਰਾਹੀਂ ਦੂਜੇ ਦੇਸ਼ ਜਾ ਕੇ ਦੂਜੇ ਏਅਰਪੋਰਟ ਤੋਂ ਅੱਗੇ ਦਾ ਸਫਰ ਕਰਨ ਦੀ ਗੱਲ ਯਾਦ ਹੈ। ਸਾਡੇ ਸਿੱਖਾਂ ਵਾਸਤੇ ਕਿੰਨੀ ਮੰਦਭਾਗੀ ਗੱਲ ਹੈ ਕਿ 87 ਫੀਸਦੀ ਕੁਰਬਾਨੀਆਂ ਦੇ ਕੇ ਭਾਰਤ ਨੂੰ ਆਜ਼ਾਦ ਕਰਾਉਣ ਵਾਲੇ ਸਿੱਖਾਂ ਨੂੰ ਅੱਜ ਆਪਣੀ ਪਹਿਚਾਣ ਦੱਸਣ ਵਾਸਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਇਹ ਸਿੱਖਾਂ ਦੀ ਤਰਾਸਦੀ ਵੀ ਹੈ। ਇਹ ਮੁਸ਼ਕਿਲ ਅੱਜ ਹਿੰਦੁਸਤਾਨ ਵਿਚ ਵੀ ਹੈ। ਥੋੜ੍ਹਾ ਪਿੱਛੇ ਝਾਤੀ ਮਾਰੀਏ ਤਾਂ 1947 ਤੋਂ ਬਾਅਦ ਵੀ ਸਿੱਖਾਂ ਨੂੰ ਆਪਣੀ ਪਹਿਚਾਣ ਵਾਸਤੇ ਕਈ ਸੰਘਰਸ਼ ਕਰਨੇ ਪਏ ਹਨ। ਕਦੀ ਗੁਰੂ-ਘਰਾਂ ਦੀ ਆਜ਼ਾਦੀ ਵਾਸਤੇ, ਕਦੇ ਪੰਜਾਬੀ ਸੂਬਾ ਲੈਣ ਵਾਸਤੇ ਅਤੇ ਅੱਜ ਆਪਣੀ ਵੱਖਰੀ ਪਹਿਚਾਣ ਲਈ ਇਹ ਸੰਘਰਸ਼ ਸਾਨੂੰ ਵਿਦੇਸ਼ ਵਿਚ ਵੀ ਕਰਨੇ ਪੈ ਰਹੇ ਹਨ। 11 ਸਤੰਬਰ 2001 ਨੂੰ ਅਮਰੀਕਾ ਵਿਚ ‘ਵਰਲਡ ਟਰੇਡ ਸੈਂਟਰ’ ’ਤੇ ਹੋਏ ਹਮਲੇ ਕਾਰਨ ਸਿੱਖੀ ਸਰੂਪ ਦਾ ਮਸਲਾ ਹੋਰ ਵੀ ਗੰਭੀਰ ਬਣ ਗਿਆ ਹੈ। ਯੂਰਪ ਦੇ ਕਈ ਦੇਸ਼ਾਂ ਵਿਚ ਬੱਚਿਆਂ ਨੂੰ ਦਸਤਾਰ ਸਜਾ ਕੇ ਸਕੂਲ ਦਾਖਲੇ ’ਤੇ ਪਾਬੰਦੀ, ਸਿੱਖੀ ਸਰੂਪ ਕਾਰਨ ਸਰਕਾਰੀ ਅਦਾਰਿਆਂ ਵਿਚ ਨੌਕਰੀ ’ਤੇ ਪਾਬੰਦੀ, ਡਰਾਈਵਿੰਗ ਲਾਇਸੰਸ ’ਤੇ ਦਸਤਾਰ ਸਜਾ ਕੇ ਫੋਟੋ ਨਾ ਲਾਉਣ ਦੇਣਾ, ਨਾਂਅ ਦੇ ਨਾਲ ਸਿੰਘ ਅਤੇ ਕੌਰ ਲਾਉਣ ’ਤੇ ਪਾਬੰਦੀ ਆਦਿ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਥਾਵਾਂ ’ਤੇ ਸਿੱਖਾਂ ਨੂੰ ਖਤਰਨਾਕ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕਈ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ ਹਨ। ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਵਿਦੇਸ਼ੀ ਸਰਕਾਰਾਂ ਕੋਲ ਸਮੇਂ ਸਿਰ ਆਪਣਾ ਇਹ ਮਸਲਾ ਸਹੀ ਤਰੀਕੇ ਨਾਲ ਨਹੀਂ ਉਠਾ ਸਕੇ। ਦੁਨੀਆ ਦੇ ਹਰ ਵੱਡੇ ਸ਼ਹਿਰ ਵਿਚ ਸਿੱਖਾਂ ਦੇ ਗੁਰਦੁਆਰੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਹਰੇਕ ਐਤਵਾਰ ਗੁਰੂ-ਘਰਾਂ ਵਿਚ ਇਕੱਠੇ ਹੁੰਦੇ ਹਨ ਪਰ ਅਸੀਂ ਆਪਣੇ ਸਿੱਖੀ ਸਰੂਪ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕੇ।

ਦੂਜੀ ਸੰਸਾਰ ਜੰਗ ਸਮੇਂ ਸਿੱਖਾਂ ਨੇ ਬੜਾ ਵੱਡਾ ਯੋਗਦਾਨ ਪਾਇਆ ਹੈ। ਸਿੱਖਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਉਨ੍ਹਾਂ ਲੋਕਾਂ ਦੀ ਆਬਰੂ ਇੱਜ਼ਤ ਨੂੰ ਬਚਾਇਆ ਹੈ। ਸਿੱਖੀ ਸਰੂਪ ਦਾ ਮਸਲਾ ਜ਼ਿਆਦਾ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਹੈ। ਇਥੇ ਹੀ ਦੂਜੀ ਸੰਸਾਰ ਜੰਗ ਸਮੇਂ ਸਿੱਖਾਂ ਨੇ ਬੜੀਆਂ ਭਾਰੀ ਕੁਰਬਾਨੀਆਂ ਦਿੱਤੀਆਂ ਹਨ। ਅੱਜ ਵੀ ਯੂਰਪ ਦੇ ਵੱਖ-ਵੱਖ ਸ਼ਹਿਰਾਂ ਵਿਚ ਸਿੱਖਾਂ ਦੀਆਂ ਯਾਦਗਾਰਾਂ ਬਣੀਆਂ ਹਨ। ਦਾਸ ਉਸ ਕਾਮਨਵੈਲਥ ਕਮਿਸ਼ਨ ਦਾ ਧਾਰਮਿਕ ਮੈਂਬਰ ਹੋਣ ਨਾਤੇ ਪਿਛਲੇ ਤਕਰੀਬਨ 12 ਸਾਲ ਤੋਂ ਉਸ ਜਗ੍ਹਾ ’ਤੇ ਜਿਥੇ ਹਰੇਕ ਸਾਲ 11 ਨਵੰਬਰ ਨੂੰ ਕਾਮਨਵੈਲਥ ਦੇ ਸਾਰੇ ਦੇਸ਼ ਇਕੱਤਰ ਹੋ ਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਉਥੇ ਪਿਛਲੇ ਲੰਮੇ ਸਮੇਂ ਤੋਂ ਦਾਸ ਨੂੰ ਹਰੇਕ ਸਾਲ ਉਥੇ ਜਾਣ ਦਾ ਮੌਕਾ ਮਿਲਦਾ ਰਿਹਾ ਹੈ। ਸਭ ਤੋਂ ਛੋਟੀ ਉਮਰ ਦੇ 16 ਅਤੇ 17 ਸਾਲ ਦੇ ਸਾਡੇ ਜਵਾਨਾਂ ਨੇ ਸ਼ਹਾਦਤਾਂ ਦੇ ਕੇ ਉਨ੍ਹਾਂ ਲੋਕਾਂ ਦੀ ਆਬਰੂ ਇੱਜ਼ਤ ਨੂੰ ਬਚਾਇਆ ਹੈ। ਯੂਰਪ ਦੇ ਕਈ ਮਿਊਜ਼ੀਅਮਾਂ ਵਿਚ ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਵੀ ਲੱਗੀਆਂ ਹੋਈਆਂ ਹਨ ਪਰ ਕਿੰਨੀ ਤਰਾਸਦੀ ਹੈ ਸਾਡੀ ਕਿ ਅਸੀਂ ਆਪਣੀ ਪਹਿਚਾਣ ਨੂੰ ਦੁਨੀਆ ਤੱਕ ਪਹੁੰਚਾਉਣ ਤੱਕ ਫੇਲ੍ਹ ਹੋਏ ਹਾਂ। ਅਸਲ ਵਿਚ ਯੂਰਪ ਵਿਚ ਸਾਡੀ ਗਿਣਤੀ ਘੱਟ ਹੋਣ ਕਾਰਨ ਵੀ ਇਹ ਮਸਲਾ ਜ਼ਿਆਦਾ ਉਲਝਿਆ ਹੈ। ਇਹ ਸੰਘਰਸ਼ ਪਹਿਲਾਂ ਅਮਰੀਕਾ, ਕੈਨੇਡਾ, ਇੰਗਲੈਂਡ ਵਿਚ ਵੀ ਕਰਨੇ ਪਏ ਸਨ। ਇਨ੍ਹਾਂ ਦੇਸ਼ਾਂ ਵਿਚ ਸਾਡੀ ਜ਼ਿਆਦਾ ਵਸੋਂ ਹੋਣ ਕਾਰਨ ਇਹ ਮਸਲਾ ਜਲਦੀ ਹੱਲ ਹੋਇਆ ਹੈ। ਸਿੱਖੀ ਸਰੂਪ ਅਤੇ ਦਸਤਾਰ ਦਾ ਮਸਲਾ ਪਿਛਲੇ ਸਮੇਂ ਵਿਚ ਫਰਾਂਸ ਤੋਂ ਉੱਭਰ ਕੇ ਸਾਹਮਣੇ ਆਇਆ ਹੈ। ਦਸਤਾਰ ਸਜਾ ਕੇ ਸਕੂਲ ਵਿਚ ਦਾਖਲੇ ’ਤੇ ਪਾਬੰਦੀ ਕਾਰਨ ਇਹ ਮਸਲਾ ਇਕ ਖਤਰਨਾਕ ਦੌਰ ਵਿਚ ਹੈ। ਇਸ ਸਬੰਧੀ ਦੁਨੀਆ ਭਰ ਵਿਚ ਰੋਸ ਮੁਜ਼ਾਹਰੇ ਹੋਏ ਹਨ। ਦਾਸ ਵੀ ਇਨ੍ਹਾਂ ਕਈ ਰੋਸ ਮੁਜ਼ਾਹਰਿਆਂ ਵਿਚ ਸ਼ਾਮਿਲ ਸੀ। ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਆਪਣੇ-ਆਪਣੇ ਤਰੀਕੇ ਨਾਲ ਇਹ ਮਸਲਾ ਹਿੰਦੁਸਤਾਨ ਦੀ ਸਰਕਾਰ ਅਤੇ ਵਿਦੇਸ਼ੀ ਸਰਕਾਰਾਂ ਕੋਲ ਉਠਾਇਆ ਹੈ ਪਰ ਇਸ ਦਾ ਕੋਈ ਸਿੱਟਾ ਨਹੀਂ ਨਿਕਲਿਆ। ਫਰਾਂਸ ਦੇ ਰਾਸ਼ਟਰਪਤੀ ਮਿਸ: ਸਰਕੋਜੀ ਪਿਛਲੇ ਸਮੇਂ ਵਿਚ ਭਾਰਤ ਦੇ ਦੌਰੇ ’ਤੇ ਆਏ ਸਨ। ਉਸ ਵਕਤ ਵੱਖ-ਵੱਖ ਸੰਗਠਨਾਂ ਨੇ ਜ਼ੋਰਦਾਰ ਤਰੀਕੇ ਨਾਲ ਇਹ ਮਸਲਾ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਸੀ। ਆਪਸੀ ਖਿੱਚੋਤਾਣ ਕਾਰਨ ਇਹ ਮਸਲਾ ਜਿਉਂ ਦਾ ਤਿਉਂ ਹੀ ਰਹਿ ਗਿਆ। ਇਸ ਵੱਲੋਂ ਫਰਾਂਸ ਸਰਕਾਰ ਵੱਲੋਂ ਕੋਈ ਵੀ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ, ਜਿਸ ਕਾਰਨ ਸਿੱਖ ਹਿਰਦਿਆਂ ਨੂੰ ਹੋਰ ਵੀ ਦੁਖੀ ਹੋਣਾ ਪਿਆ ਹੈ। ਸਿੱਖੀ ਸਰੂਪ ਦੀ ਜਾਣ-ਪਹਿਚਾਣ ਕਰਾਉਣ ਸਬੰਧੀ ਸਭ ਤੋਂ ਵੱਡੀ ਜ਼ਿੰਮੇਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੜੇ ਅਸਰਦਾਰ ਤਰੀਕੇ ਨਾਲ ਹਿੰਦੁਸਤਾਨ ਦੀ ਸਰਕਾਰ ਕੋਲ ਇਹ ਮਸਲਾ ਉਠਾ ਚੁੱਕੀ ਹੈ ਪਰ ਸਿੱਖ-ਵਿਰੋਧੀ ਵਿਚਾਰਧਾਰਾ ਕਾਰਨ ਹਿੰਦੁਸਤਾਨ ਦੀ ਸਰਕਾਰ ਵੱਲੋਂ ਕੋਈ ਅਸਰਦਾਰ ਤਰੀਕੇ ਨਾਲ ਇਹ ਮਸਲਾ ਬਾਹਰ ਦੀਆਂ ਸਰਕਾਰਾਂ ਕੋਲ ਨਹੀਂ ਉਠਾਇਆ ਗਿਆ। ਇਹ ਮਸਲਾ ਕੇਵਲ ਸਿੱਖ ਲੀਡਰਾਂ ਵੱਲੋਂ ਯੂ.ਐਨ.ਓ. ਦੇ ਸੈਕਟਰੀ ਅਤੇ ਫਰਾਂਸ ਦੇ ਰਾਸ਼ਟਰਪਤੀ ਨੂੰ ਪੱਤਰ ਲਿਖਣ ਤੱਕ ਹੀ ਸੀਮਤ ਰਹਿ ਗਿਆ। ਹਿੰਦੁਸਤਾਨ ਅਤੇ ਵਿਦੇਸ਼ਾਂ ਵਿਚ ਸਿੱਖ ਅੱਜ ਬੜੇ ਉੱਚੇ ਅਹੁਦਿਆਂ ’ਤੇ ਬੈਠੇ ਹਨ। ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਵੀ ਇਕ ਸਿੱਖ ਹੈ। ਅੱਜ ਹਿੰਦੁਸਤਾਨ ਦੀ ਸਰਕਾਰ ਚਾਹੇ ਤਾਂ ਇਸ ਮਸਲੇ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਜਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਿੰਦੁਸਤਾਨ ਵਿਚ ਇਕ ਚੁਣੀ ਹੋਈ ਸੰਸਥਾ ਹੈ, ਜਿਸ ਵੱਲੋਂ ਪ੍ਰਭਾਵਸ਼ਾਲੀ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਇਹ ਮਸਲਾ ਹੁਣ ਇਕੱਲੇ ਫਰਾਂਸ ਦਾ ਨਹੀਂ ਬਲਕਿ ਸਾਰੇ ਯੂਰਪ ਦਾ ਸਾਂਝਾ ਮਸਲਾ ਬਣ ਗਿਆ ਹੈ। ਦੁਨੀਆ ਵਿਚ ਸਭ ਤੋਂ ਵੱਧ ਵਸੋਂ ਵਾਲੇ ਦੇਸ਼ਾਂ ਵਿਚ ਦੂਜੇ ਨੰਬਰ ’ਤੇ ਹਿੰਦੁਸਤਾਨ ਦਾ ਨੰਬਰ ਆਉਂਦਾ ਹੈ, ਜਿਸ ਦਾ ਪ੍ਰਧਾਨ ਮੰਤਰੀ ਸਿੱਖ ਹੈ ਅਤੇ ਜੋ ਸਿਰ ’ਤੇ ਦਸਤਾਰ ਸਜਾ ਕੇ ਰੱਖਦਾ ਹੈ ਅਤੇ ਉਸ ਦੀ ਦੁਨੀਆ ਵਿਚ ਇਕ ਵੱਖਰੀ ਪਹਿਚਾਣ ਹੈ। ਸਮੁੱਚੇ ਸਿੱਖ ਸੰਗਠਨਾਂ ਅਤੇ ਸਮੂਹ ਸਿੱਖ ਸੰਪਰਦਾਵਾਂ ਨੂੰ ਆਪਣੇ-ਆਪਣੇ ਪ੍ਰਭਾਵ ਰਾਹੀਂ ਹਿੰਦੁਸਤਾਨ ਦੀ ਸਰਕਾਰ ’ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਇਸ ਗੰਭੀਰ ਮਸਲੇ ਨੂੰ ਯੂ. ਐਨ. ਓ. ਅਤੇ ਯੂਰਪੀਅਨ ਯੂਨੀਅਨ ਵਿਚ ਸਹੀ ਤਰੀਕੇ ਨਾਲ ਪੇਸ਼ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਸਿਆਣੇ ਬੁੱਧੀਜੀਵੀਆਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ, ਜਿਸ ਵਿਚ ਚੰਗੇ ਪੜ੍ਹੇ-ਲਿਖੇ ਸਿੱਖ ਹੋਣ ਤਾਂ ਕਿ ਦੁਨੀਆ ਦੇ ਹਰ ਮਨੁੱਖ ਦੀ ਵਿਚਾਰਧਾਰਾ ਰਾਹੀਂ ਤਸੱਲੀ ਕਰਵਾ ਸਕਣ। ਇਸ ਕਮੇਟੀ ਦਾ ਕਾਫਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਹੁੰਦਾ ਹੋਇਆ ਹਿੰਦੁਸਤਾਨ ਦੀ ਸਰਕਾਰ ਰਾਹੀਂ ਯੂ. ਐਨ. ਓ. ਵਿਚ ਜਾਵੇ ਅਤੇ ਯੂਰਪੀਅਨ ਯੂਨੀਅਨ ਤੋਂ ਹੁੰਦਾ ਹੋਇਆ ਇਹ ਕਾਫਲਾ ਵੱਖ-ਵੱਖ ਦੇਸ਼ਾਂ ਦਾ ਦੌਰਾ ਕਰੇ ਅਤੇ ਸਿੱਖਾਂ ਦੇ ਇਸ ਮਸਲੇ ਨੂੰ ਅਸਰਦਾਰ ਤਰੀਕੇ ਰਾਹੀਂ ਦੁਨੀਆ ਸਾਹਮਣੇ ਪੇਸ਼ ਕਰੇ। ਉਹ ਦਿਨ ਦੂਰ ਨਹੀਂ ਜਿਸ ਦਿਨ ਸਿੱਖਾਂ ਦੇ ਇਸ ਸਿੱਖੀ ਸਰੂਪ ਦੇ ਮਸਲੇ ਦਾ ਹੱਲ ਨਹੀਂ ਨਿਕਲੇਗਾ। ਇਹ ਕਾਫਲਾ ਦੁਨੀਆ ਵਿਚ ਸਿੱਖਾਂ ਦੀ ਇਹ ਜਿੱਤ ਪ੍ਰਾਪਤ ਕਰੇਗਾ। ਦੁਨੀਆ ਵਿਚ ਸਿੱਖਾਂ ਦੀ ਪਹਿਚਾਣ ਵਧੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਦਾ ਪੂਰੀ ਦੁਨੀਆ ਨੂੰ ਪਤਾ ਚੱਲੇਗਾ। ਮੁਸਲਮਾਨਾਂ ਅਤੇ ਸਿੱਖਾਂ ਦੇ ਸਰੂਪ ਦੇ ਵਖਰੇਵੇਂ ਦਾ ਪਤਾ ਲੱਗੇਗਾ। ਸਿੱਧੇ ਤੌਰ ’ਤੇ ਸਿੱਖਾਂ ਨੂੰ ਇਸ ਦਾ ਲਾਭ ਪ੍ਰਾਪਤ ਹੋਵੇਗਾ। ਪੂਰੀ ਦੁਨੀਆ ਅੰਦਰ ਲੋਕਾਂ ਨੂੰ ਇਹ ਪਤਾ ਲੱਗੇਗਾ ਕਿ ਸਿੱਖ ਇਕ ਵੱਖਰੀ ਕੌਮ ਹੈ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਮਿਹਨਤ ਕਰਕੇ ਵੰਡ ਛਕਦੀ ਹੈ, ਜਿਸ ਨਾਲ ਪੂਰੀ ਦੁਨੀਆ ਵਿਚ ਸਿੱਖਾਂ ਦਾ ਮਾਣ ਵਧੇਗਾ। ਸਿੱਖ ਜਦ ਵੀ ਉਸ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ ਤਾਂ ਕਹਿੰਦਾ ਹੈ ‘ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ’ ਰਾਹੀਂ ਸਰਬੱਤ ਦਾ ਭਲਾ ਹੀ ਮੰਗਦਾ ਹੈ। ਇਸ ਦਾ ਪ੍ਰਮਾਣ ਹਰੇਕ ਜੰਗ ਜਾਂ ਯੁੱਧ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਕਿ ਜਦ ਵੀ ਕਿਧਰੇ ਕਿਸੇ ਵੀ ਕੌਮ ’ਤੇ ਕੋਈ ਭਾਰੀ ਮੁਸ਼ਕਿਲ ਆਈ ਤਾਂ ਉਸ ਵਿਚ ਸਿੱਖਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਅੱਗੇ ਹੋ ਕੇ ਪਹਿਲਾਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਪਿੱਛੇ ਜਿਹੇ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਜਦ ਅਮਰੀਕਾ ਵਿਖੇ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਜਾਰਜ ਡਬਲਿਊ ਬੁਸ਼ ਨੂੰ ਮਿਲੇ ਸੀ ਤਾਂ ਉਨ੍ਹਾਂ ਨੇ ਵੀ ਸਿੱਖਾਂ ਦੀਆਂ ਬਹੁਤ ਸਿਫ਼ਤਾਂ ਦੇ ਪੁਲ ਬੰਨ੍ਹੇ ਸਨ।

ਪਰਲੋ ਤੋਂ ਬਚਣਾ ਹੈ ਤਾਂ ਕੁਦਰਤ ਦੀ ਸੁਣੋ !

ਤਾਪਮਾਨ ਦੇ ਵਧਣ ਨਾਲ ਸਾਗਰ ਫੈਲ ਜਾਣਗੇ ਜਿਸ ਨਾਲ ਸਾਗਰੀ ਤਲ ਵਧ ਜਾਣਾ ਹੈ, ਦੁਨੀਆ ਦੇ ਅਤਿ ਉਪਜਾਊ ਡੈਲਟਾ ਭਾਗ ਡੁੱਬ ਜਾਣਗੇ। ਬੰਗਲਾਦੇਸ਼, ਇੰਡੋਨੇਸ਼ੀਆ, ਚੀਨ ਅਤੇ ਭਾਰਤ ਆਦਿ ਨੂੰ ਬਹੁਤ ਵੱਡੇ ਉਪਜਾਊ ਖੇਤਰਾਂ ਤੋਂ ਹੱਥ ਧੋਣਾ ਪਵੇਗਾ। ਇਸ ਨਾਲ ਸਮੁੱਚੀ ਧਰਤੀ ਉਪਰਲੀ ਵਰਖਾ-ਬਣਤਰ ਵੀ ਬਦਲ ਜਾਣੀ ਹੈ। ਇਹ ਭੈੜਾ ਦ੍ਰਿਸ਼ ਕੁਝ ਇਸ ਤਰ੍ਹਾਂ ਦਾ ਕਿਆਸਿਆ ਜਾ ਰਿਹਾ ਹੈ—ਧਰੁਵੀ ਬਰਫਾਂ ਦਾ ਪਿਘਲਣਾ, ਸਾਗਰਾਂ ਵਿਚ ਹੜ੍ਹ, ਟਾਪੂ ਦੇਸ਼ਾਂ ਦਾ ਪ੍ਰਿਥਵੀ ਉਪਰੋਂ ਸਫਾਇਆ, ਤਟਵਰਤੀ ਭਾਗਾਂ ਉਪਰ ਹੜ੍ਹਾਂ ਦੀ ਮਾਰ, ਅਣਕਿਆਸੀਆਂ ਤੇ ਬੇਮਿਸਾਲ ਸਮੱਸਿਆਵਾਂ, ਦੇਸ਼ਾਂ ਦੇ ਅੰਦਰ ਲੁੱਟ-ਖਸੁੱਟ ਤੇ ਮਾਰ-ਧਾੜ, ਤਪਤ ਤੇ ਅਰਧ ਤਪਤ ਖੰਡੀ ਖੇਤਰਾਂ ਵਿਚ ਜਿਥੇ ਬਹੁਤੀਆਂ ਵਿਕਾਸਸ਼ੀਲ ਕੌਮਾਂ ਰਹਿੰਦੀਆਂ ਹਨ, ਵੱਧ ਗਰਮੀ ਤੇ ਵੱਧ ਸੋਕਾ, ਅੰਮੋਜਨੀ ਭਾਗਾਂ ਵਿਚ ਤੂਫ਼ਾਨੀ ਝੱਖੜ, ਭੂਮੱਧ ਰੇਖਾ ਤੋਂ 35 ਡਿਗਰੀ ਉੱਤਰ ਤੇ ਦੱਖਣ ਵਿਚ ਭੋਜਨ ਦੇ ਸਾਧਨਾਂ ਦੀ ਕਮੀ, ਸਮਸੀਤ ਊਸ਼ਣੀ ਭਾਗਾਂ ਵਿਚ ਸਿਆਲ ਰੁੱਤ ਹੋਰ ਨਿੱਕੀ ਪਰ ਤਿੱਖੀ ਸ਼ੀਤ ਤੇ ਵਧੇਰੇ ਵਤਗੀਲੀ, ਉੱਤਰੀ ਅਮਰੀਕਾ ਦਾ ਅਨਾਜ-ਗੁਦਾਮ ਧੂੜ ਦਾ ਝੱਖੜ, ਸੀਤ ਪ੍ਰਦੇਸ਼ ਜਿਵੇਂ ਸਾਇਬੇਰੀਆ, ਕੈਨੇਡਾ ਤੇ ਸਕੈਂਡੇਨੇਵੀਆ ਵਿਚ ਗਰਮੀ ਦਾ ਵਾਧਾ।’

ਸਬਕ ਨਹੀਂ ਸਿੱਖਿਆ

ਪਰ ਕੀ ਅਸੀਂ ਸਬਕ ਸਿੱਖਿਆ ? ਫਿਰ ਅਸੀਂ ਵਾਰ-ਵਾਰ ਉਹੀ ਸਿਆਸਤਦਾਨ ਕਿਉਂ ਚੁਣ ਰਹੇ ਹਾਂ ਜਿਹੜੇ ਧਰਤੀ ਬਾਰੇ ਤਾਂ ਕੀ, ਬੰਦੇ ਬਾਰੇ ਵੀ ਨਹੀਂ ਸੋਚਦੇ। ਪ੍ਰਿਥਵੀ ਉੱਪਰ ਕੋਈ ਅਜਿਹੀ ਥਾਂ ਨਹੀਂ ਦਿੱਸਦੀ ਜਿਥੇ ‘ਸੰਭਾਲ’, ‘ਸੰਕੇਤ’, ‘ਕਿਰਸ’ ਜਿਹੇ ਸ਼ਬਦ ਉੱਕਰੇ ਨਾ ਦਿੱਸਦੇ ਹੋਣ। ਹਾਂ, ਇਹ ਗੱਲ ਵੱਖਰੀ ਹੈ ਕਿ ਅਸੀਂ ਜਾਣਬੁੱਝ ਕੇ ਅੱਖਾਂ ਮੂੰਦ ਲਈਏ। ਭੂਟਾਨ ਵਿਚ ਬਾਲਾਂ ਦਾ ਆਪਣੇ ਗਲਾਂ ਵਿਚ ਤਖਤੀਆਂ ਲਟਕਾ ਕੇ ਅਮੀਰ ਸੈਲਾਨੀਆਂ ਵਿਰੁੱਧ ਇਸ ਗੱਲ ਲਈ ਰੋਸ ਪ੍ਰਗਟ ਕਰਨਾ ਕਿ ਉਹ ਗੰਦਗੀ ਫੈਲਾ ਕੇ ਪਹਾੜੀ ਸੁੰਦਰਤਾ ਨੂੰ ਨਸ਼ਟ ਨਾ ਕਰਨ.... ਹਿਮਾਲੀਆਈ ਜੰਗਲਾਂ ਨੂੰ ਬਚਾਉਣ ਲਈ ਲੋਕਾਂ ਦਾ ਰੁੱਖਾਂ ਨੂੰ ਗਲਵਕੜੀਆਂ ਵਿਚ ਲੈ ਲੈਣਾ ਦੇਵਤਾ ਹੈ। ਇਹ ਲੋਕ ਵਾਤਾਵਰਨੀ ਪਨਾਹਗੀਰਾਂ ਬਾਰੇ ਕੁਝ ਨਹੀਂ ਕਰਨਗੇ

ਸਰਕਾਰ ਨੇ 'ਭਾਰਤ ਮਾਤਾ' ਨੂੰ ਵੇਚ ਦਿੱਤਾ: ਰਾਹੁਲ ਗਾਂਧੀ

ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਰਾਹੁਲ ਗਾਂਧੀ ਨੇ ਦੱਸਿਆ ਥੋਕ ਆਤਮ ਸਮਰਪਣ

ਨਵੀਂ ਦਿੱਲੀ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੇ ਭਾਸ਼ਣ ਨੇ ਇੱਕ ਵਾਰ ਫਿਰ ਚਰਚਾ ਛੇੜ ਦਿੱਤੀ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਰਕਾਰ ਨੇ ਭਾਰਤ-ਅਮਰੀਕਾ ਅੰਤਰਿਮ ਵਪਾਰ ਸਮਝੌਤੇ ਰਾਹੀਂ ÷ਭਾਰਤ ਮਾਤਾ ਨੂੰ ਵੇਚ ਦਿੱਤਾ ਹੈ÷ ਅਤੇ ਇਹ ਇੱਕ ÷ਥੋਕ ਆਤਮ ਸਮਰਪਣ÷ ਸੀ ਜਿਸ ਵਿੱਚ ਭਾਰਤ ਦੀ ਊਰਜਾ ਸੁਰੱਖਿਆ ਅਮਰੀਕਾ ਨੂੰ ਸੌਂਪ ਦਿੱਤੀ ਗਈ ਹੈ ਅਤੇ ਕਿਸਾਨਾਂ ਦੇ ਹਿੱਤਾਂ ਨਾਲ ਸਮਝੌਤਾ ਕੀਤਾ ਗਿਆ ਹੈ।

ਕੇਂਦਰੀ ਬਜਟ 'ਤੇ ਬਹਿਸ ਦੌਰਾਨ ਉਨ੍ਹਾਂ ਕਿਹਾ ਕਿ ਜੇਕਰ ਇੰਡੀਆ (INDIA) ਗਠਜੋੜ ਦੀ ਸਰਕਾਰ ਨੇ ਅਮਰੀਕਾ ਨਾਲ ਵਪਾਰਕ ਸਮਝੌਤੇ ਲਈ ਗੱਲਬਾਤ ਕੀਤੀ ਹੁੰਦੀ, ਤਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਭਾਰਤ ਨਾਲ ਬਰਾਬਰ ਵਿਵਹਾਰ ਕਰਨ ਲਈ ਕਿਹਾ ਜਾਂਦਾ।

ਵਪਾਰਕ ਸਮਝੌਤੇ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ, ਤੁਸੀਂ ਭਾਰਤ ਨੂੰ ਵੇਚ ਦਿੱਤਾ ਹੈ। ਕੀ ਤੁਹਾਨੂੰ ਭਾਰਤ ਵੇਚਣ 'ਤੇ ਸ਼ਰਮ ਨਹੀਂ ਆਉਂਦੀ ? ਤੁਸੀਂ ਸਾਡੀ ਮਾਂ, ਭਾਰਤ ਮਾਤਾ ਨੂੰ ਵੇਚ ਦਿੱਤਾ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਤਹਿਤ ਊਰਜਾ ਸੁਰੱਖਿਆ ਚਲੀ ਗਈ ਹੈ ਅਤੇ ਹੁਣ ਅਮਰੀਕਾ ਫੈਸਲਾ ਕਰੇਗਾ ਕਿ ÷ਅਸੀਂ ਕਿਸ ਤੋਂ ਤੇਲ ਖਰੀਦਣਾ ਹੈ÷।

ਗਾਂਧੀ ਨੇ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਨਾਲ ਵੀ ਸਮਝੌਤਾ ਕੀਤਾ ਗਿਆ ਹੈ ਕਿਉਂਕਿ ਅਮਰੀਕਾ ਦੇ ਖੇਤੀਬਾੜੀ ਉਤਪਾਦ ਭਾਰਤੀ ਬਾਜ਼ਾਰਾਂ ਵਿੱਚ ਹੜ੍ਹ ਵਾਂਗ ਆ ਜਾਣਗੇ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਭਾਰਤੀ ਟੈਕਸਟਾਈਲ (ਕੱਪੜਾ) ਉਦਯੋਗ ਖਤਮ ਹੋ ਗਿਆ ਹੈ।

ਰਾਹੁਲ ਨੇ ਕਿਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੌਮੀ ਸੁਰੱਖਿਆ ਸਲਾਹਕਾਰ (NSA) ਅਜੀਤ ਡੋਵਾਲ ਨੇ ਕਿਹਾ ਸੀ ਕਿ ਜੰਗ ਦਾ ਯੁੱਗ ਖਤਮ ਹੋ ਗਿਆ ਹੈ। ਪਰ ਅਸਲੀਅਤ ਇਹ ਹੈ ਕਿ ਅਸੀਂ ਜੰਗ ਦੇ ਯੁੱਗ ਵਿੱਚ ਜਾ ਰਹੇ ਹਾਂ।

ਉਨ੍ਹਾਂ ਕਿਹਾ, ਇੱਕ ਖ਼ਤਰਨਾਕ ਸੰਸਾਰ ਵਿੱਚ ਕਦਮ ਰੱਖਦੇ ਹੋਏ, ਸਾਨੂੰ ਆਪਣੀਆਂ ਸ਼ਕਤੀਆਂ ਨੂੰ ਸਮਝਣਾ ਹੋਵੇਗਾ ਅਤੇ ਸਾਡੇ ਦੇਸ਼ ਦੀ ਮੁੱਖ ਸ਼ਕਤੀ ਸਾਡੇ ਲੋਕ ਹਨ।

ਉਨ੍ਹਾਂ ਨੇ ਦੇਸ਼ ਦੇ ਲੋਕਾਂ, ਡਾਟਾ, ਭੋਜਨ ਦੀ ਸਪਲਾਈ ਅਤੇ ਊਰਜਾ ਪ੍ਰਣਾਲੀ ਦੀ ਰੱਖਿਆ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਸੋਨਮ ਵਾਂਗਚੁੱਕ ਬਿਲਕੁਲ ਤੰਦਰੁਸਤ; ਰਿਹਾਈ ਸੰਭਵ ਨਹੀਂ: SC ਵਿੱਚ ਕੇਂਦਰ ਦਾ ਜਵਾਬ

ਨਵੀਂ ਦਿੱਲੀ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਸੁਪਰੀਮ ਕੋਰਟ ਵਿੱਚ ਸਪੱਸ਼ਟ ਕੀਤਾ ਕਿ ਲੱਦਾਖ ਦੇ ਵਾਤਾਵਰਨ ਕਾਰਕੁੰਨ ਸੋਨਮ ਵਾਂਗਚੁਕ ਦੀ ਸਿਹਤ ਸਬੰਧੀ ਕੋਈ ਚਿੰਤਾ ਵਾਲੀ ਗੱਲ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਸਿਹਤ ਦੇ ਆਧਾਰ 'ਤੇ ਰਿਹਾਅ ਨਹੀਂ ਕੀਤਾ ਜਾ ਸਕਦਾ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਹਿਰਾਸਤ ਦੌਰਾਨ ਵਾਂਗਚੁਕ ਦੀ 24 ਵਾਰ ਡਾਕਟਰੀ ਜਾਂਚ ਕੀਤੀ ਗਈ ਹੈ ਅਤੇ ਉਹ ਪੂਰੀ ਤਰ੍ਹਾਂ 'ਤੰਦਰੁਸਤ' ਹਨ।

ਸਰਕਾਰ ਨੇ ਦਲੀਲ ਦਿੱਤੀ ਕਿ ਜਿਨ੍ਹਾਂ ਕਾਰਨਾਂ ਕਰਕੇ ਵਾਂਗਚੁਕ ਨੂੰ ਕੌਮੀ ਸੁਰੱਖਿਆ ਐਕਟ ਦੇ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ, ਉਹ ਅਜੇ ਵੀ ਕਾਇਮ ਹਨ ਅਤੇ ਅਜਿਹੀ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦੀ ਛੋਟ ਦੇਣਾ ਉਚਿਤ ਨਹੀਂ ਹੋਵੇਗਾ।

ਦੂਜੇ ਪਾਸੇ, ਅਦਾਲਤੀ ਕਾਰਵਾਈ ਦੌਰਾਨ ਜਦੋਂ ਸਰਕਾਰੀ ਵਕੀਲਾਂ ਨੇ ਵਾਂਗਚੁਕ 'ਤੇ ਨੌਜਵਾਨਾਂ ਨੂੰ ਹਿੰਸਾ ਲਈ ਉਕਸਾਉਣ ਅਤੇ ਨੇਪਾਲ ਵਰਗੇ ਅੰਦੋਲਨਾਂ ਦੀ ਉਦਾਹਰਣ ਦੇਣ ਦੇ ਦੋਸ਼ ਲਾਏ, ਤਾਂ ਸੁਪਰੀਮ ਕੋਰਟ ਨੇ ਇਸ 'ਤੇ ਸਖ਼ਤ ਟਿੱਪਣੀ ਕੀਤੀ।

ਬੈਂਚ ਨੇ ਕਿਹਾ ਕਿ ਵਾਂਗਚੁਕ ਦੇ ਬਿਆਨਾਂ ਦਾ ਗਲਤ ਮਤਲਬ ਕੱਢਿਆ ਜਾ ਰਿਹਾ ਹੈ, ਕਿਉਂਕਿ ਉਹ ਖੁਦ ਹਿੰਸਾ ਪ੍ਰਤੀ ਚਿੰਤਾ ਪ੍ਰਗਟ ਕਰ ਰਹੇ ਸਨ। ਵਾਂਗਚੁਕ ਦੀ ਪਤਨੀ ਗੀਤਾਂਜਲੀ ਅੰਗਮੋ ਵੱਲੋਂ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਵਾਂਗਚੁਕ ਨੇ ਹਮੇਸ਼ਾ ਸ਼ਾਂਤਮਈ ਪ੍ਰਦਰਸ਼ਨ ਦੀ ਵਕਾਲਤ ਕੀਤੀ ਹੈ ਅਤੇ ਲੱਦਾਖ ਵਿੱਚ ਹੋਈ ਹਿੰਸਾ ਦੀ ਨਿੰਦਾ ਕੀਤੀ ਸੀ। ਅਦਾਲਤ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਕਰੇਗੀ ਕਿ ਕੀ ਇਹ ਹਿਰਾਸਤ ਕਾਨੂੰਨੀ ਤੌਰ 'ਤੇ ਜਾਇਜ਼ ਹੈ ਜਾਂ ਨਹੀਂ।

ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ ਰਾਹੀਂ ਵਿਆਪਕ ਨਿਵੇਸ਼ ਹੋਣ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਵੱਡੇ ਮੌਕੇ ਸਿਰਜੇ ਜਾਣਗੇ: ਮੱਖ ਮੰਤਰੀ

ਚੰਡੀਗੜ੍ਹ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੋਹਾਲੀ ਵਿਖੇ 13 ਤੋਂ 15 ਮਾਰਚ, 2026 ਨੂੰ ਹੋ ਰਹੇ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ' ਲਈ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਇਸ ਨੂੰ ਫੈਸਲਾਕੁੰਨ ਕਦਮ ਦੱਸਿਆ ਜੋ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਬੁਲੰਦੀਆਂ 'ਤੇ ਪਹੁੰਚਾਏਗਾ।

ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ 13 ਤੋਂ 15 ਮਾਰਚ, 2026 ਨੂੰ ਮੋਹਾਲੀ ਵਿਖੇ ਹੋਵੇਗਾ ਜੋ ਸੂਬੇ ਵਿੱਚ ਉਦਯੋਗਿਕ ਤਰੱਕੀ ਨੂੰ ਵੱਡਾ ਹੁਲਾਰਾ ਦੇਵੇਗਾ। ਪੰਜਾਬ ਪਹਿਲਾਂ ਹੀ ਆਲਮੀ ਪੱਧਰ 'ਤੇ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਵਜੋਂ ਉੱਭਰਿਆ ਹੈ। ਉਨ੍ਹਾਂ ਕਿਹਾ, ਇਹ ਇਤਿਹਾਸਕ ਸੰਮੇਲਨ ਉਦਯੋਗਿਕ ਤਰੱਕੀ ਨੂੰ ਵੱਡਾ ਹੁਲਾਰਾ ਦੇਣ ਲਈ ਸੂਬੇ ਦੀ ਤਕਦੀਰ ਘੜਨ ਵਿੱਚ ਸਿਹਤਮੰਦ ਮੰਚ ਮੁਹੱਈਆ ਕਰਵਾਏਗਾ।

ਸਮੂਹਿਕ ਵਿਚਾਰ-ਵਟਾਂਦਰੇ ਦੀ ਲੋੜ @ਤੇ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ, ਅੰਤਰਰਾਸ਼ਟਰੀ ਉਦਯੋਗਿਕ ਦਿੱਗਜਾਂ ਨਾਲ ਲੰਮੀ ਵਿਚਾਰ-ਚਰਚਾ ਤੋਂ ਬਾਅਦ ਸੂਬੇ ਦੀ ਸਨਅਤ ਲਈ ਉਦਯੋਗ-ਪੱਖੀ ਕਾਰਜ ਯੋਜਨਾ ਤਿਆਰ ਕਰਨ ਲਈ ਆਪਸੀ ਸਹਿਮਤੀ ਵਿਕਸਤ ਕੀਤੀ ਜਾਵੇਗੀ।÷ ਪੰਜਾਬੀਆਂ ਦੇ ਮੋਹਰੀ ਰਹਿਣ ਦੇ ਗੁਣਾਂ ਅਤੇ ਉੱਦਮੀ ਭਾਵਨਾ ਦੀ ਭਰਵੀਂ ਸ਼ਲਾਘਾ ਕਰਦਿਆਂ, ਉਨ੍ਹਾਂ ਕਿਹਾ, ÷ਪੰਜਾਬੀ ਆਪਣੀ ਹਿੰਮਤ ਅਤੇ ਕਾਬਲੀਅਤ ਨਾਲ ਦੁਨੀਆ ਵਿੱਚ ਕਿਤੇ ਵੀ ਅਚੰਭਾ ਕਰ ਸਕਦੇ ਹਨ।

ਇਸ ਸੰਮੇਲਨ ਦੇ ਵਿਸ਼ੇ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸੰਮੇਲਨ 'ਪੰਜਾਬ ਮੀਨਜ਼ ਬਿਜ਼ਨਸ-ਪਾਲਿਸੀ-ਟੂ-ਪ੍ਰੈਕਟਿਸ' (ਪੰਜਾਬ ਮਤਲਬ ਕਾਰੋਬਾਰ-ਨੀਤੀ ਤੋਂ ਅਮਲ) ਦੇ ਵਿਸ਼ੇ 'ਤੇ ਆਧਾਰਤ ਹੋਵੇਗਾ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਗੁਰੂਗ੍ਰਾਮ, ਨਵੀਂ ਦਿੱਲੀ, ਬੈਂਗਲੁਰੂ, ਹੈਦਰਾਬਾਦ, ਚੇਨਈ, ਮੁੰਬਈ ਅਤੇ ਜਾਪਾਨ, ਦੱਖਣੀ ਕੋਰੀਆ ਆਦਿ ਦੇਸ਼ਾਂ ਵਿੱਚ ਰੋਡ ਸ਼ੋਅ ਕੀਤੇ ਜਾ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ, ÷ਸੰਮੇਲਨ ਦੌਰਾਨ ਮੁੱਖ ਸੈਸ਼ਨਾਂ ਵਿੱਚ ਉਦਘਾਟਨ, ਸਮਾਪਤੀ, ਕੰਟਰੀ ਸੈਸ਼ਨ, ਪਲੇਨਰੀ, ਸੈਕਟਰਲ ਸੈਸ਼ਨ ਅਤੇ ਹੋਰ ਸ਼ਾਮਲ ਹੋਣਗੇ।÷

ਇਸ ਸਮਾਗਮ ਨੂੰ ਨਿਵੇਸ਼ਕਾਂ ਲਈ ਵੱਡਾ ਮੌਕਾ ਕਰਾਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਿਵੇਸ਼ਕ ਸੰਮੇਲਨ ਦੇਸ਼ ਭਰ ਵਿੱਚ ਵੱਧ ਤੋਂ ਵੱਧ ਰਿਆਇਤਾਂ ਦੀ ਪੇਸ਼ਕਸ਼ ਕਰਦੇ ਹੋਏ ਸੂਬੇ ਵਿੱਚ ਨਿਵੇਸ਼ ਦੇ ਮੌਕਿਆਂ ਲਈ ਮੰਚ ਪ੍ਰਦਾਨ ਕਰੇਗਾ।÷ ਉਨ੍ਹਾਂ ਅੱਗੇ ਕਿਹਾ, ÷ਪੰਜਾਬ ਸਰਕਾਰ ਨੂੰ ਇਸ ਵਿਆਪਕ ਸਮਾਗਮ ਵਿੱਚ ਹਿੱਸਾ ਲੈਣ ਲਈ ਨਾ ਸਿਰਫ਼ ਭਾਰਤ ਸਗੋਂ ਦੁਨੀਆ ਭਰ ਦੇ ਉਦਯੋਗਿਕ ਦਿੱਗਜਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।÷ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਉਨ੍ਹਾਂ ਕਿਹਾ, ÷ਸੂਬੇ ਦਾ ਮੁੱਖ ਆਧਾਰ ਖੇਤੀਬਾੜੀ ਖੇਤਰ ਪਹਿਲਾਂ ਹੀ ਚੁਣੌਤੀਆਂ ਨਾਲ ਜੂਝ ਰਿਹਾ ਹੈ ਅਤੇ ਕਮਜ਼ੋਰ ਹੋਈ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਵਿਆਪਕ ਉਦਯੋਗੀਕਰਨ ਹੀ ਇੱਕੋ ਇੱਕ ਹੱਲ ਹੈ।÷

ਮੁੱਖ ਮੰਤਰੀ ਨੇ ਕਿਹਾ, ਸੂਬਾ ਸਰਕਾਰ ਨੇ ਪੰਜਾਬ ਨੂੰ ਨਾ ਸਿਰਫ਼ ਦੇਸ਼ ਵਿੱਚ ਸਗੋਂ ਵਿਸ਼ਵ ਭਰ ਵਿੱਚ ਨਿਵੇਸ਼ ਲਈ ਸਭ ਤੋਂ ਪਸੰਦੀਦਾ ਸਥਾਨ ਬਣਾਉਣ ਲਈ ਵਿਲੱਖਣ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਨੇ ਸੰਭਾਵੀ ਉੱਦਮੀਆਂ ਨੂੰ ਸੂਬੇ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰਨ ਦੀ ਅਪੀਲ ਕੀਤੀ।

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਮੂਹਰੇ ਬਾਜਵਾ ਦਾ ਵਕੀਲ ਪੇਸ਼

ਵਕੀਲ ਨੇ ਕਮਿਸ਼ਨ ਤੋਂ ਮੰਗਿਆ 15 ਦਿਨਾਂ ਦਾ ਸਮਾਂ

ਚੰਡੀਗੜ੍ਹ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਭੇਜੇ ਨੋਟਿਸ ਸਬੰਧੀ ਅੱਜ ਬਾਜਵਾ ਵੱਲੋਂ ਉਸ ਦਾ ਵਕੀਲ ਅਰਵਿੰਦ ਸਿੰਘ ਸਚਦੇਵਾ ਪੇਸ਼ ਹੋਏ। ਇਸ ਦੌਰਾਨ ਬਾਜਵਾ ਦੇ ਵਕੀਲ ਅਰਵਿੰਦ ਸਿੰਘ ਸਚਦੇਵਾ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਕਿੱਥੇ ਵਿਅਸਤ ਹੋਣ ਕਰਕੇ ਖੁਦ ਨਹੀਂ ਆ ਸਕੇ ਪਰ ਉਨਾਂ ਨੇ ਕਮਿਸ਼ਨ ਕੋਲ ਆਪਣਾ ਰਿਪਲਾਈ ਦੇ ਦਿੱਤਾ ਹੈ ਅਤੇ ਹੋਰ ਲੋੜੀਂਦੇ ਜਵਾਬ ਲਈ 15ਦਿਨਾਂ ਦਾ ਸਮਾਂ ਮਮੰਗਿਆ ਤਾਂ ਕਮਿਸ਼ਨ ਨੇ ਅਗਲੀ ਤਾਰੀਖ 26 ਫਰਵਰੀ ਪਾ ਦਿੱਤੀ ਹੈ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਉਹਨਾਂ ਵੱਲੋਂ ਪ੍ਰਤਾਪ ਸਿੰਘ ਬਾਜਵਾ ਦੇ ਵਕੀਲ ਅਰਵਿੰਦ ਸਿੰਘ ਸਚਦੇਵਾ ਵੱਲੋਂ ਰੱਖੇ ਪੱਖ ਨੂੰ ਵਿਚਾਰਿਆ ਜਾਜਾਵੇ ਅਤੇ ਉਸ ਦੇ ਆਧਾਰ ਤੇ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ

ਅੰਮ੍ਰਿਤਪਾਲ ਪੈਰੋਲ ਪਟੀਸ਼ਨ: ਲੋਕ ਸਭਾ ਵਿੱਚ ਸੰਸਦ ਮੈਂਬਰ ਦੀ ਵਰਚੁਅਲ ਪੇਸ਼ੀ ਦਾ ਕੋਈ ਪ੍ਰਬੰਧ ਨਹੀਂ

ਚੰਡੀਗੜ੍ਹ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਹੋਈ। ਅਦਾਲਤ ਨੂੰ ਸੂਚਿਤ ਕੀਤਾ ਗਿਆ ਕਿ ਲੋਕ ਸਭਾ ਦੇ ਨਿਯਮ ਕਿਸੇ ਸੰਸਦ ਮੈਂਬਰ ਨੂੰ ਵਰਚੁਅਲ ਢੰਗ ਰਾਹੀਂ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੰਦੇ। ਇਸ ਬਾਰੇ ਬੈਂਚ ਨੇ ਸਪੱਸ਼ਟ ਕੀਤਾ ਕਿ ਉਹ ਇਸ ਮਾਮਲੇ ਵਿੱਚ ਕੋਈ ਅੰਤਰਿਮ ਰਾਹਤ ਨਹੀਂ ਦੇ ਸਕਦਾ ਕਿਉਂਕਿ ਇਹ ਅਸਲ ਵਿੱਚ ਪਟੀਸ਼ਨ ਦਾ ਖੁਦ ਫੈਸਲਾ ਕਰਨ ਦੇ ਬਰਾਬਰ ਹੋਵੇਗਾ।

ਅੰਮ੍ਰਿਤਪਾਲ ਸਿੰਘ ਦੀ ਨਵੀਂ ਪਟੀਸ਼ਨ ਵਿੱਚ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਉਸ ਹੁਕਮ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ, ਜਿਸ ਰਾਹੀਂ ਸੰਸਦ ਦੇ ਚੱਲ ਰਹੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦੀ ਅਸਥਾਈ ਰਿਹਾਈ ਜਾਂ ਪੈਰੋਲ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਗਿਆ ਸੀ। ਲੋਕ ਸਭਾ ਸਪੀਕਰ ਵੱਲੋਂ ਪੇਸ਼ ਹੋਏ ਭਾਰਤ ਦੇ ਐਡੀਸ਼ਨਲ ਸਾਲੀਸਿਟਰ ਜਨਰਲ ਸਤਿਆ ਪਾਲ ਜੈਨ ਨੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੂੰ ਦੱਸਿਆ ਕਿ ਲੋਕ ਸਭਾ ਦੀ ਕਾਰਵਾਈ ਅਤੇ ਕੰਮਕਾਜ ਦੇ ਨਿਯਮਾਂ ਵਿੱਚ ਅਜਿਹੀ ਕੋਈ ਵਿਵਸਥਾ ਨਹੀਂ ਹੈ ਜੋ ਕਿਸੇ ਮੈਂਬਰ ਨੂੰ ਵਰਚੁਅਲ ਢੰਗ ਨਾਲ ਪੇਸ਼ ਹੋਣ ਜਾਂ ਹਿੱਸਾ ਲੈਣ ਦੀ ਇਜਾਜ਼ਤ ਦਿੰਦੀ ਹੋਵੇ।

ਉਨ੍ਹਾਂ ਅੱਗੇ ਕਿਹਾ ਕਿ ਸੰਵਿਧਾਨਕ ਲੋੜਾਂ, ਜਿਸ ਵਿੱਚ ਦਲ-ਬਦਲੀ ਵਿਰੋਧੀ ਕਾਨੂੰਨ ਅਧੀਨ ਸ਼ਾਮਲ ਲੋੜਾਂ ਵੀ ਹਨ, ਸਦਨ ਦੇ ਅੰਦਰ ਸਰੀਰਕ ਮੌਜੂਦਗੀ ਅਤੇ ਵੋਟਿੰਗ ਦੀ ਮੰਗ ਕਰਦੀਆਂ ਹਨ, ਜਿਸ ਲਈ ਕੁਝ ਫੈਸਲਿਆਂ ਲਈ ਮੈਂਜੂਦ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਅਤੇ ਵੋਟਿੰਗ ਦੀ ਲੋੜ ਹੁੰਦੀ ਹੈ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਹੰਗਾਮੇ ਦਰਮਿਆਨ ਹੋਈ ਪ੍ਰਸ਼ਨ ਕਾਲ ਦੀ ਕਾਰਵਾਈ

ਨਵੀਂ ਦਿੱਲੀ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਵਿੱਚ ਬੁੱਧਵਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਦੇ ਵਿਚਕਾਰ ਪ੍ਰਸ਼ਨ ਕਾਲ ਦੀ ਕਾਰਵਾਈ ਹੋਈ। ਪ੍ਰਸ਼ਨ ਕਾਲ ਦੌਰਾਨ ਕੁੱਲ 13 ਸਵਾਲ ਅਤੇ ਉਨ੍ਹਾਂ ਦੇ ਪੂਰਕ ਸਵਾਲ ਲਏ ਗਏ। ਵਿਰੋਧੀ ਧਿਰ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਕਰਦਿਆਂ ਕੁਝ ਖਾਸ ਸਵਾਲ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਪੀ.ਸੀ. ਮੋਹਨ, ਜੋ ਕਿ ਸਦਨ ਦੀ ਪ੍ਰਧਾਨਗੀ ਕਰ ਰਹੇ ਸਨ, ਨੇ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ।

ਕੁੱਝ ਵਿਰੋਧੀ ਮੈਂਬਰ 'ਸਾਨੂੰ ਇਨਸਾਫ ਚਾਹੀਦਾ ਹੈ' ਦੇ ਨਾਅਰੇ ਲਗਾਉਂਦੇ ਸੁਣੇ ਗਏ। ਪ੍ਰਦਰਸ਼ਨ ਤੋਂ ਬਾਅਦ, ਵਿਰੋਧੀ ਧਿਰ ਦੇ ਮੈਂਬਰ

ਤੰਦਰੁਸਤ ਸ਼ਰੀਰ ਅਤੇ ਖੁਸ਼ਹਾਲ ਜੀਵਨ ਲਈ ਖੇਡਾਂ ਬਹੁਤ ਅਹਿਮ: ਹਰਚੰਦ ਸਿੰਘ ਬਰਸਟ

➢ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਹਲਕਾ ਸਮਾਣਾ ਦੇ ਪਿੰਡ ਬਰਸਟ ਵਿੱਚ ਨਿਰੰਲ ਕਾਸਕੋ ਕ੍ਰਿਕਟ ਕੱਪ ਟੂਰਨਾਮੈਂਟ ਵਿੱਚ ਬਤੌਰ ਮੁੱਖ ਮਹਿਮਾਨ ਵੱਜੋਂ ਕੀਤੀ ਸ਼ਿਰਕਤ

ਪਟਿਆਲਾ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਮਾਣਾ ਦੇ ਪਿੰਡ ਬਰਸਟ ਵਿਖੇ ਨਿਰੰਲ ਕਾਸਕੋ ਕ੍ਰਿਕਟ ਕੱਪ ਟੂਰਨਾਮੈਂਟ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਵਿੱਚ ਕੁੱਲ 32 ਟੀਮਾਂ ਨੇ ਭਰਪੂਰ ਉਤਸ਼ਾਹ ਨਾਲ ਹਿੱਸਾ ਲਿਆ। ਇਸ ਖੇਡ ਸਮਾਗਮ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਵੱਲੋਂ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਸ. ਬਰਸਟ ਵੱਲੋਂ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ ਗਈ ਅਤੇ ਨੌਜਵਾਨਾਂ ਨੂੰ ਖੇਡ ਭਾਵਨਾ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਤੰਦਰੁਸਤ ਸਰੀਰ ਅਤੇ ਖੁਸ਼ਹਾਲ ਜੀਵਨ ਲਈ ਖੇਡਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਹਰ ਵਿਅਕਤੀ ਨੂੰ ਮਾਨਸਿਕ ਅਤੇ ਸਰੀਰਿਕ ਤੌਰ ਤੇ ਤੰਦਰੁਸਤ ਰਹਿਣਾ ਚਾਹੀਦਾ ਹੈ, ਜਿਸ ਲਈ ਖੇਡਾਂ ਨਾਲ ਜੁੜੇ ਰਹਿਣਾ ਬਹੁਤ ਜਰੂਰੀ ਹੈ। ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ

ਖੇਡਾਂ ਵੱਲ ਉਤਸਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਸੂਬੇ ਭਰ ਵਿੱਚ ਕਰੀਬ 3000 ਖੇਡ ਸਟੇਡੀਅਮ ਬਣਾਏ ਜਾ ਰਹੇ ਹਨ, ਤਾਂ ਜੋ ਨੌਜਵਾਨਾਂ ਨੂੰ ਖੇਡਾਂ ਲਈ ਬਿਹਤਰ ਸਹੂਲਤਾਂ ਮਿਲ ਸਕਣ।

ਉਨ੍ਹਾਂ ਕਿਹਾ ਕਿ ਨੌਜਵਾਨ ਪੰਜਾਬ ਅਤੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣਾ ਬਹੁਤ ਜ਼ਰੂਰੀ ਹੈ। ਖੇਡਾਂ ਇਸ ਲਈ ਸਭ ਤੋਂ ਵਧੀਆ ਮਾਧਿਅਮ ਹਨ, ਕਿਉਂਕਿ ਇਹ ਬੱਚਿਆਂ ਵਿੱਚ ਅਨੁਸ਼ਾਸਨ, ਟੀਮ ਵਰਕ ਅਤੇ ਆਤਮ ਵਿਸ਼ਵਾਸ ਪੈਦਾ ਕਰਦੀਆਂ ਹਨ, ਜੋ ਉਨ੍ਹਾਂ ਨੂੰ ਆਪਣੇ ਜੀਵਨ ਦੇ ਟੀਚੇ ਹਾਸਲ ਕਰਨ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਇੱਕ ਚੰਗੇ ਸਮਾਜ ਦਾ ਨਿਰਮਾਣ ਤੰਦਰੁਸਤ ਮਨੁੱਖ ਵੱਲੋਂ ਹੀ ਕੀਤਾ ਜਾ ਸਕਦਾ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਬੱਚਿਆਂ ਦੇ ਚੰਗੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਮੰਡੀ ਬੋਰਡ ਵੱਲੋਂ ਸੂਬੇ ਦੀਆਂ ਮੰਡੀਆਂ ਵਿੱਚ ਆਫ ਸੀਜਨ ਦੌਰਾਨ ਖਾਲੀ ਪਏ ਕਵਰ ਸ਼ੈਡਾਂ ਨੂੰ ਖੇਡਾਂ ਦੀ ਟ੍ਰੇਨਿੰਗ ਦੇਣ ਲਈ ਇਨਡੋਰ ਸਟੇਡੀਅਮ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਕਾ ਵਾਸੀਆਂ ਲਈ ਮੰਡੀ ਬੋਰਡ ਵੱਲੋਂ ਜਲਦ ਦੀ ਮੰਡੀ ਵਿੱਚ ਖੇਡ ਸਟੇਡੀਅਮ ਬਣਾਇਆ ਜਾਵੇਗਾ, ਤਾਂ ਜੋ ਨੌਜਵਾਨ ਖੇਡਾਂ ਨਾਲ ਹੋਰ ਵੱਧ ਜੁੜ ਸਕਣ। ਉਨ੍ਹਾਂ ਟੂਰਨਾਮੈਂਟ ਦੇ ਸਾਰੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਗੱਲ ਕਹਿ।

ਨਿਰੰਲ ਕਾਸਕੋ ਕ੍ਰਿਕਟ ਕੱਪ ਵਿੱਚ ਪਹਾੜਪੁਰ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਅਤੇ 41 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਜਿੱਤੀ। ਪਿੰਡ ਬਰਸਟ ਦੀ ਟੀਮ ਦੂਜੇ ਸਥਾਨ ਤੇ ਰਹੀ, ਜਿਸਨੂੰ 31 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ। ਪਿੰਡ ਮੰਡੋਲੀ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ 31,00 ਰੁਪਏ ਅਤੇ ਪਿੰਡ ਤਲਵੰਡੀ ਮਲਿਕ ਦੀ ਟੀਮ ਨੇ ਚੌਥਾ ਸਥਾਨ ਹਾਸਲ ਕਰਕੇ 31,00 ਰੁਪਏ ਦਾ ਇਨਾਮ ਜਿੱਤਿਆ। ਇਸ ਤੋਂ ਇਲਾਵਾ ਮੈਨ ਆਫ਼ ਦ ਸੀਰੀਜ਼ ਲਾਡੀ ਬਰਸਟ ਨੂੰ ਦਿੱਤਾ ਗਿਆ, ਜਦਕਿ ਸਰਵੋਤਮ ਬੱਲੇਬਾਜ਼ ਸੱਤੂ ਪਹਾੜਪੁਰ ਅਤੇ ਸਰਵੋਤਮ ਗੇਂਦਬਾਜ ਰਿੰਕੂ ਪਹਾੜਪੁਰ ਰਹੇ। ਅੰਤ ਵਿੱਚ ਸ. ਹਰਚੰਦ ਸਿੰਘ ਬਰਸਟ ਵੱਲੋਂ ਸਾਰੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਨਰਿੰਦਰ ਸਿੰਘ ਸਰਪੰਚ ਪਿੰਡ ਬਰਸਟ, ਜੋਬਨ ਸੰਧੂ, ਹਰਿੰਦਰ ਸਿੰਘ ਧਬਲਾਨ, ਸੋਨੂੰ, ਹਰਭਿੰਦਰ ਸਿੰਘ ਰਾਠੀ ਸਮੇਤ ਸਮੂਹ ਗ੍ਰਾਮ ਪੰਚਾਇਤ ਮੈਂਬਰ ਅਤੇ ਇਲਾਕਾ ਨਿਵਾਸੀ ਮੌਜੂਦ ਰਹੇ।

ਸਿਹਤ ਮੰਤਰੀ ਨੇ ਡੀ ਸੀ ਅਤੇ ਕਮਿਸ਼ਨਰ ਨਾਲ ਵੇਖੇ ਸ਼ਹਿਰ ਦੇ ਹਾਲਾਤ

ਪਟਿਆਲੇ ਦੀਆਂ ਸੜਕਾਂ, ਸੀਵਰੇਜ ਤੇ ਸੁੰਦਰੀਕਰਨ ਯੋਜਨਾਵਾਂ 'ਤੇ ਸਿਹਤ ਮੰਤਰੀ ਦੀ ਕੜੀ ਨਜ਼ਰ

ਪਟਿਆਲਾ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਦੀ ਸੁਖ-ਸਹੂਲਤ ਨੂੰ ਹੋਰ ਬਿਹਤਰ ਬਨਾਉਣ ਦੇ ਮੰਤਵ ਨਾਲ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਵਿਖੇ ਸ਼ਹਿਰ ਅੰਦਰ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਕਮਿਸ਼ਨਰ ਨਗਰ ਨਿਗਮ ਪਰਮਜੀਤ ਸਿੰਘ,ਪੀ ਡੀ ਏ ਦੇ ਮੁੱਖ ਪ੍ਰਸ਼ਾਸਕ ਅਪਰਨਾ, ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਮਾਨ, ਮੇਅਰ ਕੁੰਦਨ ਗੋਗੀਆ ਅਤੇ ਡਿਪਟੀ ਮੇਅਰ ਹਰਿੰਦਰ ਕੋਹਲੀ ਵੀ ਮੌਜੂਦ ਸਨ। ਇਸ ਦੌਰਾਨ ਉਹਨਾਂ ਸ਼ਹਿਰ ਦੇ ਬੁਨਿਆਦੀ ਢਾਂਚੇ ਨਾਲ ਸੰਬੰਧਿਤ ਚੱਲ ਰਹੇ ਅਤੇ ਪ੍ਰਸਤਾਵਿਤ ਵਿਕਾਸ ਪ੍ਰੋਜੈਕਟਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ਹਿਰ ਦੀਆਂ ਮੁੱਖ ਅਤੇ ਅੰਦਰੂਨੀ ਸੜਕਾਂ ਦੀ ਮੁਰੰਮਤ, ਸੀਵਰੇਜ ਪ੍ਰਣਾਲੀ ਦੇ ਸੁਧਾਰ, ਵੱਡੀ ਅਤੇ ਛੋਟੀ ਨਦੀਆਂ ਨਾਲ ਸੰਬੰਧਿਤ ਕੰਮਾਂ, ਬਰਸਾਤੀ ਪਾਣੀ ਦੀ ਨਿਕਾਸੀ ਅਤੇ ਸ਼ਹਿਰ ਦੀ ਸੁੰ ਦਰੀਕਰਨ ਯੋਜਨਾਵਾਂ ਬਾਰੇ ਅਧਿਕਾਰੀਆਂ ਤੋਂ ਤਾਜ਼ਾ ਸਥਿਤੀ ਦੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼ਹਿਰ ਵਿੱਚ ਚੱਲ ਰਹੇ ਸਾਰੇ ਵਿਕਾਸ ਕਾਰਜ ਨਿਰਧਾਰਿਤ ਸਮੇਂ ਅੰਦਰ ਪੂਰੇ ਹੋਣੇ ਚਾਹੀਦੇ ਹਨ ਤਾਂ ਜੋ ਆਮ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

ਡਾ. ਬਲਬੀਰ ਸਿੰਘ ਨੇ ਲੰਬਿਤ ਪਏ ਕੰਮਾਂ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਪਸ਼ਟ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਕਿ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਗੁਣਵੱਤਾ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਅਤੇ ਸਮੇਂ ਦੀ ਪਾਬੰਦੀ ਨੂੰ ਸਭ ਤੋਂ ਵੱਧ ਮਹੱਤਵ ਦੇ ਰਹੀ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਸਿਹਤ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਗਰ ਨਿਗਮ ਅਤੇ ਹੋਰ ਸੰਬੰਧਤ ਵਿਭਾਗਾਂ ਨਾਲ ਮਿਲਜੁਲ ਕੇ ਵਿਕਾਸ ਕਾਰਜਾਂ ਨੂੰ ਤੈਅ ਸਮੇਂ ਅੰਦਰ ਮੁਕੰਮਲ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਬੁਨਿਆਦੀ ਸੁਵਿਧਾਵਾਂ ਨੂੰ ਮਜ਼ਬੂਤ ਕਰਨਾ ਪ੍ਰਸ਼ਾਸਨ ਦੀ ਪ੍ਰਾਥਮਿਕਤਾ ਹੈ।

ਮੇਅਰ ਕੁੰਦਨ ਗੋਗੀਆ ਅਤੇ ਡਿਪਟੀ ਮੇਅਰ ਹਰਿੰਦਰ ਕੋਹਲੀ ਨੇ ਕਿਹਾ ਕਿ ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਵਾਸੀਆਂ ਨੂੰ ਹੋਰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਅੰਤ ਵਿੱਚ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਪਟਿਆਲਾ ਦੇ ਸਰਵਪੱਖੀ ਵਿਕਾਸ, ਸੁੰਦਰੀਕਰਨ ਅਤੇ ਲੋਕਾਂ ਦੀ ਸੁਖ-ਸਹੂਲਤ ਲਈ ਪੂਰੀ ਨਿਸ਼ਠਾ, ਇਮਾਨਦਾਰੀ ਅਤੇ ਵਚਨਬੱਧਤਾ ਨਾਲ ਲਗਾਤਾਰ ਕੰਮ ਕਰ ਰਹੀ ਹੈ ਅਤੇ ਇਹ ਪ੍ਰਕਿਰਿਆ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗਾ।

ਰਾਜਪਾਲ ਕਟਾਰੀਆ ਵੱਲੋਂ ਸੇਰੋਂ ਵਿਖੇ ਸਖੀ ਸਿਰਜਣ ਕੇਂਦਰ ਦੀ ਨਵੀਂ ਬਿਲਡਿੰਗ ਦਾ ਉਦਘਾਟਨ

ਚੰਡੀਗੜ੍ਹ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਆਪਣੇ ਤਰਨ ਤਾਰਨ ਦੇ ਦੌਰੇ ਦੌਰਾਨ ਅੱਜ ਪਿੰਡ ਸੇਰੋਂ ਵਿਖੇ ਲਰਨਿੰਗ ਸੈਂਟਰ ਬਿਲਡਿੰਗ ਵਿੱਚ ਸਖੀ ਸਿਰਜਣ ਕੇਂਦਰ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।ਇਸ ਸੈਂਟਰ ਵਿੱਚ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਪਿੰਡਾਂ ਦੀਆਂ ਔਰਤਾਂ ਨੂੰ ਸਿਲਾਈ ਅਤੇ ਕਢਾਈ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਰੈਡ ਕ੍ਰਾਸ ਰਾਹੀਂ ਸ਼ੁਰੂ ਕੀਤੇ ਗਏ ਇਸ ਸੈਂਟਰ ਦੀ ਸਲਾਘਾ ਕਰਦਿਆਂ ਹਾਂਜੀ ਰਾਜਪਾਲ ਕਟਾਰੀਆ ਨੇ ਕਿਹਾ ਕਿ ਸ਼ਕਤੀ ਕਰਨ ਨਾਲ ਹੀ ਔਰਤਾਂ ਮਜ਼ਬੂਤ ਬਣ ਸਕਦੀਆਂ ਹਨ। ਇਸ ਦੌਰਾਨ ਉਹਨਾਂ ਸੈਂਟਰ ਵਿੱਚ ਟ੍ਰੇਨਿੰਗ ਲੈ ਰਹੀਆਂ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਵੱਲੋਂ ਤਿਆਰ ਕੀਤੇ ਵਸਤਰਾਂ ਦੀ ਹੌਸਲਾ ਅਫਜ਼ਾਈ ਕੀਤੀ।

ਮਾਮਲਾ : ਰਿਟਾਇਰੀ ਅਧਿਆਪਕਾਂ ਦੇ 35 ਲੱਖ ਜੀ. ਪੀ. ਫੰਡ ਦੇ ਹੜੱਪ ਕਰਨ ਦੀ ਕੋਸ਼ਿਸ਼ ਦਾ

ਜਿਹੜੇ ਮੁਲਾਜ਼ਮਾਂ ਫੰਡ ਮਾਮਲੇ 'ਚ ਸ਼ਮੂਲੀਅਤ ਪਾਈ ਗਈ ਉਨ੍ਹਾਂ 'ਤੇ ਹੋਵੇਗੀ ਸਖਤ ਕਾਰਵਾਈ : ਡੀ. ਪੀ. ਆਈ.

ਪਟਿਆਲਾ, 12 ਫਰਵਰੀ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲਾ ਸਿੱਖਿਆ ਵਿਭਾਗ ਪਟਿਆਲਾ ਅਧੀਨ ਪੈਂਦੇ ਨਾਭਾ ਹਲਕੇ ਦੇ ਸਕੂਲ ਆਫ ਐਮੀਨੈਂਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਨਾਭਾ ਦੇ ਰਿਟਾਇਰੀ ਅਧਿਆਪਕ ਦੇ ਜੀ. ਪੀ. ਫੰਡ ਦੇ 35 ਲੱਖ ਰੁਪਏ ਜਾਲਸਾਜੀ ਫਿਲਮੀ ਸਟਾਈਲ ਤੇ ਕਢਵਾਉਣ ਦਾ ਮਾਮਲਾ ਵੱਡੇ ਵੱਧਰ 'ਤੇ ਗਰਮਾਇਆ ਹੋਇਆ ਹੈ। ਸਮੁੱਚੇ ਮਾਮਲੇ 'ਤੇ ਪਰਦਾ ਪਾਉਣ ਦੀ ਵੱਡੀ ਕੋਸ਼ਿਸ਼ ਕੀਤੀ ਜਾ ਰਹੀ ਸੀ ਪਰ ਜਿਹੜਾ ਸਿੱਖਿਆ ਵਿਭਾਗ ਦੇ ਮੁਖੀ ਵਲੋਂ ਪਹਿਲਾਂ ਹੀ ਇਸ ਮਾਮਲੇ ਦੀ ਜਾਂਚ ਰਿਪੋਰਟ ਨੂੰ ਅੱਗੇ ਤੋਰਦਿਆਂ ਪੜਤਾਲੀਆ ਕਾਰਵਾਈ ਸੰਬੰਧੀ ਸਿੱਖਿਆ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਸੀ, ਜਿਸ 'ਤੇ ਹੁਣ ਕਾਰਵਾਈ ਸੰਬੰਧੀ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਡੀਪੀਆਈ ਹਰਿੰਦਰ ਸਿੰਘ ਸੋਢੀ ਪੀਸੀਐਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਕੋਈ ਵੀ ਮੁਲਾਜ਼ਮ ਸ਼ਾਮਲ ਹੋਵੇ ਉਸ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਇਸ 35 ਲੱਖ ਹੜੱਪ ਕਰਨ ਦੀ ਕੋਸ਼ਿਸ਼ ਕਰਨ ਵਾਲੇ ਮੁਲਜ਼ਮਾਂ ਸੰਬੰਧੀ ਫਾਈਲ ਦਫਤਰ ਵਿਚ ਪਹੁੰਚ ਚੁੱਕੀ ਹੈ ਜਿਸ ਤੇ ਕਾਰਵਾਈ ਨੂੰ ਹੋਰ ਤੇਜ ਕਰਨ ਲਈ ਪੜਤਾਲ ਕਰਕੇ ਇਸ ਦੀ ਤਹਿ ਤੱਕ ਜਾਇਆ ਜਾਵੇਗਾ ਤਾਂ ਜੋ ਸਰਕਾਰੀ ਫੰਡਾਂ ਨਾਲ ਛੇੜਛਾੜ ਕਰਨ ਵਾਲਿਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਸਕੇ। ਜ਼ਿਕਰਯੋਗ ਹੈ ਕਿ ਇਹ ਸਮੁੱਚੇ ਮਾਮਲੇ ਵਿਚ ਪ੍ਰਿੰਸੀਪਲ ਦਾ ਚਾਰਜ ਸੰਭਾਲਣ ਵਾਲੇ ਅਤੇ ਕਲਰਕ ਦੋਨੋਂ ਪਾਕ ਸਾਫ ਇਸ ਮਾਮਲੇ ਵਿਚੋਂ ਨਿਕਲਣ ਦੀ ਚਾਰਾ ਜੋਈ ਕਰ ਰਹੇ ਹਨ, ਜਿਸ ਸੰਬੰਧੀ ਨਾਭਾ ਦੇ ਖਜ਼ਾਨਾ ਅਫਸਰ ਨੇ ਘਪਲੇ ਦੀ ਸਾਫ ਤੌਰ 'ਤੇ ਪੁਸ਼ਟੀ ਕਰ ਦਿੱਤੀ ਸੀ ਤਾਂ ਹੀ ਇਨ੍ਹਾਂ ਬਿਲਾਂ ਨੂੰ ਪਾਸ ਹੋਣ ਤੋਂ ਤੁਰੰਤ ਰੋਕਿਆ ਗਿਆ। ਇਸ ਬਿੱਲ ਨੂੰ ਸੈਕਸ਼ਨ ਕਰਨ ਵਾਲੀ ਜੂਨੀਅਰ ਇੰਸਟੈਂਟ ਸ਼ੈਲਜਾ ਸਿੱਖਿਆ ਵਿਭਾਗ ਪਟਿਆਲਾ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਜਿਹੇ ਕਿੰਨੇ ਹੀ ਬਿੱਲ ਹਰ ਮਹੀਨੇ ਆਉਂਦੇ ਹਨ, ਜਿਥੇ ਮੈਨੂੰ ਕੀਤੇ ਸਿਗਨੇਚਰ ਨਹੀਂ ਪਤਾ ਚੱਲਦਾ ਕਿਉਂਕਿ ਨਵੰਬਰ ਮਹੀਨੇ ਵਿਚ 40-50 ਕੇਸ ਸ਼ੈਕਸਨਾਂ ਲਈ ਆਏ ਹੋਏ ਸਨ, ਜਿਥੇ ਮੈਨੂੰ ਇਨ੍ਹਾਂ ਨੂੰ ਪਾਸ ਕਰਨ ਸੰਬੰਧੀ ਨਹੀਂ ਪਤਾ ਚੱਲਿਆ। ਉਨ੍ਹਾਂ ਕਿਹਾ ਕਿ ਸੈਕਸ਼ਨ ਹੋਣ ਵਾਲੇ ਬਿਲਾਂ ਦੀ ਹਾਰਡ ਕਾਪੀ ਦੇ ਸਮੁੱਚੇ ਕਾਗਜ਼ਾਂ 'ਤੇ ਸਿਗਨੇਚਰ ਪ੍ਰਿੰਸੀਪਲ ਵਲੋਂ ਕੀਤੇ ਜਾਂਦੇ ਹਨ, ਜਿਸ ਦੀ ਦੇਖ ਰੇਖ ਕਰਨਾ ਇਨ੍ਹਾਂ ਦਾ ਕੰਮ ਹੈ।

ਭਾਰਤੀ ਰਿਜ਼ਰਵ ਬੈਂਕ ਨੇ ਖਾਸ ਥੀਮ ਦੇ ਅਧੀਨ ਵਿੱਤੀ ਸਾਖਰਤਾ ਹਫ਼ਤਾ ਮਨਾਇਆ

ਚੰਡੀਗੜ੍ਹ, 12 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਰਿਜ਼ਰਵ ਬੈਂਕ ਸਾਲ 2016 ਤੋਂ ਹਰ ਸਾਲ ਇੱਕ ਖਾਸ ਥੀਮ ਦੇ ਅਧੀਨ ਵਿੱਤੀ ਸਾਖਰਤਾ ਹਫ਼ਤਾ (Financial Literacy Week – FLW) ਮਨਾਉਂਦਾ ਆ ਰਿਹਾ ਹੈ, ਜਿਸਦਾ ਉਦੇਸ਼ ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਵਿੱਤੀ ਜਾਗਰੂਕਤਾ ਫੈਲਾਉਣਾ ਹੈ। ਵਿੱਤੀ ਸਾਖਰਤਾ ਹਫ਼ਤਾ 2026, 9 ਫਰਵਰੀ ਤੋਂ 13 ਫਰਵਰੀ, 2026 ਤੱਕ ਮਨਾਇਆ ਜਾ ਰਿਹਾ ਹੈ, ਜੋ ਕਿ ਇਸ ਪਹਿਲ ਦਾ 11ਵਾਂ ਸੰਸਕਰਣ ਹੈ। FLW ਮਨਾਉਣ ਦਾ ਮੁੱਖ ਮਕਸਦ ਕੇਂਦਰਿਤ ਅਭਿਆਨਾਂ ਰਾਹੀਂ ਲੋਕਾਂ ਨੂੰ ਮਹੱਤਵਪੂਰਨ ਵਿੱਤੀ ਵਿਸ਼ਿਆਂ

ਬੈਂਕ ਖਾਤੇ ’ਚ ਕਿੰਨੀ ਨਕਦੀ ਜਮਹਾ ਕਰਨ, ਵਾਹਨ ਖ਼ਰੀਦ ਤੋਂ ਲੈ ਕੇ ਜਾਇਦਾਦ ਖ਼ਰੀਦਣ ਤੱਕ ਬਦਲਣਗੇ ਨਿਯਮ

ਕੌਮੀ ਪੜ੍ਹਿਕਾ

ਬਿਜ਼ਨੈੱਸ ਡੈਸਕ 12 ਫਰਵਰੀ। ਆਮਦਨ ਕਰ ਵਿਭਾਗ ਲੈਣ-ਦੇਣ ਦੇ ਤਰੀਕੇ ਨੂੰ ਪੂਰੀ ਤਰ੍ਹਾਂ ਬਦਲਣ ਦੀ ਤਿਆਰੀ ਕਰ ਰਿਹਾ ਹੈ। ਕੇਂਦਰੀ ਸਿੱਧੇ ਟੈਕਸ ਬੋਰਡ (324“) ਨੇ ਆਮਦਨ ਕਰ ਐਕਟ 2025 ਦਾ ਇੱਕ ਨਵਾਂ ਖਰੜਾ ਪੇਸ਼ ਕੀਤਾ ਹੈ, ਜੋ ਤੁਹਾਡੇ ਅਨੁਭਵ ਨੂੰ ਕਾਰ ਖਰੀਦਣ ਤੋਂ ਲੈ ਕੇ ਬੈਂਕ ਵਿੱਚ ਪੈਸੇ ਜਮ?ਹਾ ਕਰਨ ਤੱਕ ਬਦਲ ਦੇਵੇਗਾ। ਬਜਟ 2026 ਤੋਂ ਬਾਅਦ ਪੇਸ਼ ਕੀਤੇ ਗਏ ਇਹ ਪ੍ਰਸਤਾਵਿਤ ਨਿਯਮ ਮੁੱਖ ਤੌਰ ’ਤੇ ਪੁਰਾਣੇ ਟੈਕਸ ਢਾਂਚੇ ਨੂੰ ਆਧੁਨਿਕ ਬਣਾਉਣ ਅਤੇ ਡਿਜੀਟਲ ਅਰਥਵਿਵਸਥਾ ਨੂੰ ਮਜ਼ਬੂਤ ??ਕਰਨ ਦੇ ਉਦੇਸ਼ ਰੱਖਦੇ ਹਨ। ਸਭ ਤੋਂ ਮਹੱਤਵਪੂਰਨ ਬਦਲਾਅ ਪੈਨ ਕਾਰਡ ਦੀ ਜ਼ਰੂਰਤ ਹੈ, ਜਿਸ ਨੂੰ ਕੁਝ ਖੇਤਰਾਂ ਵਿੱਚ ਢਿੱਲ ਦਿੱਤੀ ਗਈ ਹੈ ਅਤੇ ਕੁਝ ਖੇਤਰਾਂ ਵਿੱਚ ਸਖ਼ਤ ਕਰ ਦਿੱਤਾ ਗਿਆ ਹੈ। ਮੌਜੂਦਾ ਨਿਯਮਾਂ ਤਹਿਤ, ਜੇਕਰ ਤੁਸੀਂ ਇੱਕ ਦਿਨ ਵਿੱਚ 50,000 ਰੁਪਏ ਤੋਂ ਵੱਧ ਨਕਦੀ ਜਮ?ਹਾ ਕਰਦੇ ਹੋ ਤਾਂ ਪੈਨ ਕਾਰਡ ਪ੍ਰਦਾਨ ਕਰਨਾ ਲਾਜ਼ਮੀ ਸੀ। ਹਾਲਾਂਕਿ, ਨਵਾਂ ਪ੍ਰਸਤਾਵ ਹੁਣ ਇੱਕ ਦਿਨ ਦੀ ਬਜਾਏ ਪੂਰੇ ਸਾਲ ’ਤੇ ਕੇਂਦ੍ਰਿਤ ਹੈ। ਜੇਕਰ ਤੁਸੀਂ ਇੱਕ ਵਿੱਤੀ ਸਾਲ ਵਿੱਚ ਆਪਣੇ ਇੱਕ ਜਾਂ ਵੱਧ ਖਾਤਿਆਂ ਵਿੱਚ ਕੁੱਲ 10 ਲੱਖ ਰੁਪਏ ਜਾਂ ਇਸ ਤੋਂ ਵੱਧ ਨਕਦੀ ਜਮ?ਹਾਂ ਕਰਦੇ ਹੋ ਜਾਂ ਕਢਵਾਉਂਦੇ ਹੋ, ਤਾਂ ਤੁਹਾਨੂੰ ਆਪਣੇ ਪੈਨ ਵੇਰਵੇ ਦੇਣ ਦੀ ਲੋੜ ਹੋਵੇਗੀ। ਇਹ ਕਦਮ ਉਨ੍ਹਾਂ ਲੋਕਾਂ ਲਈ ਇੱਕ ਮਹੱਤਵਪੂਰਨ ਰਾਹਤ ਹੋ ਸਕਦਾ ਹੈ ਜੋ ਕਦੇ-ਕਦਾਈਂ ਛੋਟੇ ਨਕਦੀ ਲੈਣ-ਦੇਣ ਕਰਦੇ ਹਨ, ਪਰ ਵਿਭਾਗ ਹੁਣ ਵੱਡੇ ਲੈਣ-ਦੇਣ ਕਰਨ ਵਾਲਿਆਂ ’ਤੇ ਨਜ਼ਰ ਰੱਖੇਗਾ। ਕਾਰ ਪ੍ਰੇਮੀਆਂ ਲਈ ਖ਼ਬਰਾਂ ਮਿਲੀਆਂ-ਜੁਲੀਆਂ ਹਨ। ਵਰਤਮਾਨ ਵਿੱਚ, ਨਿਯਮ ਇਹ ਹੈ ਕਿ ਤੁਹਾਨੂੰ ਆਪਣਾ ਪੈਨ ਕਾਰਡ ਦਿਖਾਉਣਾ ਪਵੇਗਾ, ਭਾਵੇਂ ਤੁਸੀਂ ਕਿੰਨੀ ਵੀ ਸਸਤੀ ਕਾਰ ਖਰੀਦਦੇ ਹੋ। ਹਾਲਾਂਕਿ, ਨਵੇਂ ਨਿਯਮਾਂ ਅਨੁਸਾਰ 5 ਲੱਖ ਰੁਪਏ ਤੱਕ ਦੀਆਂ ਕਾਰਾਂ ਲਈ ਪੈਨ ਕਾਰਡ ਦੀ ਲੋੜ ਨਹੀਂ ਹੋਵੇਗੀ। ਹਾਲਾਂਕਿ, ਇਹ ਨਿਯਮ ਦੋਪਹੀਆ ਵਾਹਨਾਂ, ਯਾਨੀ ਬਾਈਕ ਲਈ ਥੋੜ੍ਹਾ ਸਖ਼ਤ ਹੋ ਗਿਆ ਹੈ। ਜੇਕਰ ਤੁਸੀਂ 5 ਲੱਖ ਰੁਪਏ ਤੋਂ ਵੱਧ ਦੀ ਕੀਮਤ ਵਾਲੀ ਲਗਜ਼ਰੀ ਬਾਈਕ ਖਰੀਦਦੇ ਹੋ, ਤਾਂ ਤੁਹਾਨੂੰ ਆਪਣਾ ਪੈਨ ਨੰਬਰ ਦੇਣਾ ਪਵੇਗਾ। ਪਹਿਲਾਂ, ਬਾਈਕ ਖਰੀਦਦਾਰੀ ’ਤੇ ਅਜਿਹੀ ਕੋਈ ਸਪੱਸ਼ਟ ਸੀਮਾ ਨਹੀਂ ਸੀ। ਸਰਕਾਰ ਨੇ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਰੀਅਲ ਅਸਟੇਟ ਸੈਕਟਰ ਨੂੰ ਥੋੜ੍ਹਾ ਢਿੱਲ ਦਿੱਤੀ ਹੈ। ਹੁਣ ਤੱਕ, 10 ਲੱਖ ਰੁਪਏ ਤੋਂ ਵੱਧ ਦੀ ਅਚੱਲ ਜਾਇਦਾਦ ਖਰੀਦਣ ਜਾਂ ਵੇਚਣ ਲਈ ਪੈਨ ਕਾਰਡ ਲਾਜ਼ਮੀ ਸੀ, ਪਰ ਹੁਣ ਇਹ ਸੀਮਾ ਵਧਾ ਕੇ 20 ਲੱਖ ਰੁਪਏ ਕਰ ਦਿੱਤੀ ਗਈ ਹੈ।

ਇਸਦਾ ਮਤਲਬ ਹੈ ਕਿ ਇੱਕ ਛੋਟੇ ਪਲਾਟ ਜਾਂ ਘਰ ਨੂੰ ਰਜਿਸਟਰ ਕਰਨ ਲਈ ਘੱਟ ਕਾਗਜ਼ੀ ਕਾਰਵਾਈ ਦੀ ਲੋੜ ਪਵੇਗੀ। ਦੂਜੇ ਪਾਸੇ, ਜੇਕਰ ਤੁਸੀਂ ਕਿਸੇ ਵੱਡੇ ਸਮਾਗਮ, ਹੋਟਲ ਬਿੱਲ, ਜਾਂ ਬੈਂਕੁਇਟ ਹਾਲ ਲਈ 1 ਲੱਖ ਰੁਪਏ ਤੋਂ ਵੱਧ ਦਾ ਭੁਗਤਾਨ ਕਰਦੇ ਹੋ, ਤਾਂ ਤੁਹਾਨੂੰ ਆਪਣਾ ਪੈਨ ਪ੍ਰਦਾਨ ਕਰਨ ਦੀ ਲੋੜ ਹੋਵੇਗੀ। ਪਹਿਲਾਂ ਇਹ ਸੀਮਾ ਸਿਰਫ 50,000 ਰੁਪਏ ਸੀ, ਪਰ ਹੁਣ ਦੁੱਗਣੀ ਕਰ ਦਿੱਤੀ ਗਈ ਹੈ। ਸਰਕਾਰ ਹੁਣ ਡਿਜੀਟਲ ਲੈਣ-ਦੇਣ ਨੂੰ ਪੂਰੀ ਤਰ੍ਹਾਂ ਮੁੱਖ ਧਾਰਾ ਵਿੱਚ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਨਵਾਂ ਡਰਾਫਟ ਅਧਿਕਾਰਤ ਤੌਰ ’ਤੇ ਸੈਂਟਰਲ ਬੈਂਕ ਡਿਜੀਟਲ ਕਰੰਸੀ (3243), ਜਾਂ ਈ-ਰੁਪਏ ਨੂੰ ਇੱਕ ਇਲੈਕਟ?ਰਾਨਿਕ ਭੁਗਤਾਨ ਵਜੋਂ ਮਾਨਤਾ ਦਿੰਦਾ ਹੈ। ਇਸ ਤੋਂ ਇਲਾਵਾ, ਹੁਣ ਕ੍ਰਿਪਟੋਕਰੰਸੀ ਵਿੱਚ ਨਿਵੇਸ਼ਕਾਂ ਲਈ ਇਸਨੂੰ ਲੁਕਾਉਣਾ ਮੁਸ਼ਕਲ ਹੋਵੇਗਾ। ਨਵੇਂ ਨਿਯਮਾਂ ਦੇ ਤਹਿਤ, ਕ੍ਰਿਪਟੋ ਐਕਸਚੇਂਜਾਂ ਨੂੰ ਆਪਣੇ ਗਾਹਕਾਂ ਦੇ ਲੈਣ-ਦੇਣ ਬਾਰੇ ਪੂਰੀ ਜਾਣਕਾਰੀ ਆਮਦਨ ਕਰ ਵਿਭਾਗ ਨਾਲ ਸਾਂਝੀ ਕਰਨ ਦੀ ਲੋੜ ਹੋਵੇਗੀ। ਇਸ ਤੋਂ ਇਲਾਵਾ, ਕੰਪਨੀਆਂ ਦੁਆਰਾ ਆਪਣੇ ਕਰਮਚਾਰੀਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਮੁਲਾਂਕਣ ਕਰਨ ਦੇ ਨਿਯਮਾਂ ਨੂੰ ਵੀ ਅਪਡੇਟ ਕੀਤਾ ਜਾ ਰਿਹਾ ਹੈ, ਜੋ ਤੁਹਾਡੀ ਟੇਕ-ਹੋਮ ਤਨਖਾਹ ਨੂੰ ਪ੍ਰਭਾਵਤ ਕਰ ਸਕਦਾ ਹੈ।

ਅਧਿਆਪਕ ਦਾ ਪੁੱਤ ਹੋ ਕੇ ਅਧਿਆਪਕਾਂ ’ਤੇ ਕਰਵਾ ਰਿਹਾ ਲਾਠੀਚਾਰਜ, ਪਰਗਟ ਸਿੰਘ ਦਾ ਮੁੱਖ ਮੰਤਰੀ ਮਾਨ ’ਤੇ ਤਿੱਖਾ ਹਮਲਾ

ਜਲੰਧਰ/ਚੰਡੀਗੜ੍ਹ 12 ਫਰਵਰੀ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਆਪਣੀਆਂ ਮੰਗਾਂ ਲਈ ਪ੍ਰਦਰਸ਼ਨ ਕਰ ਰਹੇ ਅਧਿਆਪਕਾਂ ਅਤੇ ਕਿਸਾਨਾਂ ’ਤੇ ਲਾਠੀਚਾਰਜ ਅਤੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਅਧਿਆਪਕ ਪਿਤਾ ਦੇ ਪੁੱਤਰ ਹਨ ਪਰ ਉਹ ਆਪਣੀ ਮਰਿਆਦਾ ਭੁੱਲ ਕੇ ਪੰਜਾਬ ਦੇ ਕਿਸਾਨਾਂ ਅਤੇ ਅਧਿਆਪਕਾਂ ਨਾਲ ਅਪਰਾਧੀਆਂ ਵਰਗਾ ਸਲੂਕ ਕਰ ਰਹੇ ਹਨ। ਅਧਿਆਪਕ ਆਪਣੀਆਂ ਮੰਗਾਂ ਲਈ

ਦਬਾਅ ਪਾਉਣ ਲਈ ਸ਼ਾਂਤਮਈ ਮਾਰਚ ਅਤੇ ਵਿਰੋਧ-ਪ੍ਰਦਰਸ਼ਨ ਕਰ ਰਹੇ ਸਨ। ਉਨ੍ਹਾਂ ਵਿਰੁੱਧ ਇਸ ਤਰੀਕੇ ਨਾਲ ਪੁਲਸ ਬਲ ਦੀ ਵਰਤੋਂ ਸਰਕਾਰ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੇ-ਆਪ ਨੂੰ ਅਧਿਆਪਕ ਦਾ ਪੁੱਤਰ ਦੱਸ ਕੇ ਪੰਜਾਬ ਦੇ ਲੋਕਾਂ ਦੀ ਹਮਦਰਦੀ ਪ੍ਰਾਪਤ ਕਰ ਰਹੇ ਸਨ। ਹੁਣ ਮੁੱਖ ਮੰਤਰੀ ਹੋਣ ਦੇ ਨਾਤੇ ਉਹ ਅਧਿਆਪਕਾਂ ’ਤੇ ਲਾਠੀਚਾਰਜ ਦਾ ਹੁਕਮ ਦੇ ਰਹੇ ਹਨ। ਉਨ੍ਹਾਂ ਦੀ ਸਰਕਾਰ ਦੌਰਾਨ ਅਧਿਆਪਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ‘ਆਪ’ ਸਰਕਾਰ ਨੇ 28 ਜੁਲਾਈ, 2023 ਨੂੰ 12,710 ਅਧਿਆਪਕਾਂ ਨੂੰ ਸਥਾਈ ਤੌਰ ’ਤੇ ਨਿਯੁਕਤ ਕੀਤਾ ਸੀ ਅਤੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਸੌਂਪੇ ਸਨ। ਹਾਲਾਂਕਿ ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਸਥਾਈ ਮੁਲਾਜ਼ਮ ਸਕੇਲ ਨਹੀਂ ਦਿੱਤੇ ਗਏ। ਅਧਿਆਪਕ ਇਨ੍ਹਾਂ ਮੰਗਾਂ ਲਈ ਦਬਾਅ ਪਾਉਣ ਲਈ ਸ਼ਾਂਤੀਪੂਰਨ ਮਾਰਚ ਕਰ ਰਹੇ ਸਨ। ਉਨ੍ਹਾਂ ਦੇ ਸ਼ਾਂਤੀਪੂਰਨ ਮਾਰਚ ਨੂੰ ਮੋਹਾਲੀ ਤੋਂ ਚੰਡੀਗੜ੍ਹ ਤੱਕ ਕਈ ਥਾਵਾਂ ’ਤੇ ਨਾ ਸਿਰਫ਼ ਜ਼ਬਰਦਸਤੀ ਰੋਕਿਆ ਗਿਆ, ਸਗੋਂ ਉਨ੍ਹਾਂ ਵਿਰੁੱਧ ਪਾਣੀ ਦੀਆਂ ਤੋਪਾਂ ਦੀ ਵਰਤੋਂ ਵੀ ਕੀਤੀ ਗਈ। ਲਾਠੀਚਾਰਜ ਦੌਰਾਨ ਤਿੰਨ ਮਹਿਲਾ ਅਧਿਆਪਕਾਂ ਸਮੇਤ ਪੰਜ ਜਣੇ ਜ਼ਖਮੀ ਹੋ ਗਏ। ਉਨ੍ਹਾਂ ਕਿਹਾ ਕਿ ਇਕ ਸਮਾਂ ਸੀ, ਜਦੋਂ ਕਿਸਾਨ ਸਰਹੱਦ ’ਤੇ ਬੈਠੇ ਸਨ ਅਤੇ ਕਾਲੇ ਕਾਨੂੰਨਾਂ ਖ਼?ਲਾਫ਼ ਲੜ ਰਹੇ ਸਨ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਉਨ੍ਹਾਂ ਦਾ ਸਮਰਥਨ ਕਰ ਰਹੀ ਸੀ। ਹੁਣ ਜਦੋਂ ਉਹ ਪੰਜਾਬ ਸਰਕਾਰ ਤੋਂ ਆਪਣੇ ਹੱਕ ਮੰਗ ਰਹੇ ਹਨ ਤਾਂ ਉਹੀ ‘ਆਪ’ ਸਰਕਾਰ ਉਨ੍ਹਾਂ ’ਤੇ ਲਾਠੀਚਾਰਜ ਕਰ ਰਹੀ ਹੈ। ਇਹ ਆਮ ਆਦਮੀ ਪਾਰਟੀ ਦੇ ਦੋਹਰੇ ਚਿਹਰੇ ਨੂੰ ਦਰਸਾਉਂਦਾ ਹੈ, ਜੋ ਅਧਿਆਪਕਾਂ, ਕਿਸਾਨਾਂ ਤੇ ਹੋਰ ਪੰਜਾਬੀਆਂ ਦੇ ਸਾਹਮਣੇ ਬੇਨਕਾਬ ਹੋ ਗਿਆ ਹੈ।

ਬਿਜਲੀ ਦਾ ਬਿੱਲ ਭਰਨ ਨੂੰ ਲੈ ਕੇ ਵੱਡੀ ਰਾਹਤ

ਚੰਡੀਗੜ੍ਹ 12 ਫਰਵਰੀ। ਚੰਡੀਗੜ੍ਹ ਪਾਵਰ ਡਿਸਟ?ਰੀਬਿਊਸ਼ਨ ਲਿਮਟਿਡ (ਸੀ. ਪੀ. ਡੀ. ਐੱਲ.) ਨੇ ਸ਼ਹਿਰ ਦੇ ਖ਼ਪਤਕਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਬਿਜਲੀ ਦੇ ਬਿੱਲ ਜਮ?ਹਾਂ ਕਰਵਾਉਣ ਦੀ ਆਖ਼ਰੀ ਮਿਤੀ ’ਚ ਵਾਧਾ ਕਰ ਦਿੱਤਾ ਹੈ। ਕੁੱਝ ਖ਼ਪਤਕਾਰਾਂ ਨੂੰ ਬਿੱਲ ਦੇਰੀ ਨਾਲ ਮਿਲਣ ਕਾਰਨ ਪੈਦਾ ਹੋਈ ਸਮੱਸਿਆ ਨੂੰ ਮੁੱਖ ਰੱਖਦਿਆਂ ਵਿਭਾਗ ਨੇ ਬਿੱਲ ਭਰਨ ਦੀ ਮਿਤੀ 12 ਫਰਵਰੀ ਤੋਂ ਵਧਾ ਕੇ 17 ਫਰਵਰੀ 2026 ਕਰ ਦਿੱਤੀ ਹੈ। ਇਸ ਫ਼ੈਸਲੇ ਦਾ ਮੁੱਖ ਮਕਸਦ ਖ਼ਪਤਕਾਰਾਂ ਨੂੰ ਭੁਗਤਾਨ ਲਈ ਲੋੜੀਂਦਾ ਸਮਾਂ ਪ੍ਰਦਾਨ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮਾਨਸਿਕ ਜਾਂ ਵਿੱਤੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸੀ. ਪੀ. ਡੀ. ਐੱਲ. ਵੱਲੋਂ ਜਾਰੀ ਜਾਣਕਾਰੀ ਅਨੁਸਾਰ ਖ਼ਪਤਕਾਰ ਆਪਣੇ ਬਿੱਲਾਂ ਦਾ ਭੁਗਤਾਨ ਆਨਲਾਈਨ ਕੰਪਨੀ ਦੀ ਅਧਿਕਾਰਤ ਵੈੱਬਸਾਈਟ ’ਤੇ ਉਪਲੱਬਧ ਪੇਮੈਂਟ ਗੇਟਵੇਅ ਰਾਹੀਂ ਕਰ ਸਕਦੇ ਹਨ। ਦੱਸਣਯੋਗ ਹੈ ਕਿ ਸੀ. ਪੀ. ਡੀ. ਐੱਲ. ਵੱਲੋਂ ਜੁਆਇੰਟ ਇਲੈਕਟ?ਰੀਸਿਟੀ ਰੈਗੂਲੇਟਰੀ ਕਮਿਸ਼ਨ (ਜੇ. ਈ. ਆਰ. ਸੀ.) ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਮਹੀਨਾਵਾਰ ਬਿਲਿੰਗ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ। ਇਸ ਨਵੀਂ ਵਿਵਸਥਾ ਤਹਿਤ ਖ਼ਪਤਕਾਰਾਂ ਨੂੰ ਹੁਣ ਹਰ ਮਹੀਨੇ ਬਿੱਲ ਭੇਜੇ ਜਾਣਗੇ। ਇਸ ਨਾਲ ਬਿਲਿੰਗ ਪ੍ਰਕਿਰਿਆ ’ਚ ਵਧੇਰੇ ਪਾਰਦਰਸ਼ਤਾ ਅਤੇ ਕੁਸ਼ਲਤਾ ਆਵੇਗੀ। ਕੰਪਨੀ ਬੁਲਾਰੇ ਨੇ ਦੱਸਿਆ ਕਿ ਇਹ ਬਦਲਾਅ ਜਨਤਕ ਹਿੱਤਾਂ ਨੂੰ ਧਿਆਨ ’ਚ ਰੱਖ ਕੇ ਲਿਆ ਗਿਆ ਹੈ ਅਤੇ ਮਹੀਨਾਵਾਰ ਬਿਲਿੰਗ ਨਾਲ ਖ਼ਪਤਕਾਰਾਂ ਲਈ ਆਪਣੇ ਖ਼ਰਚਿਆਂ ਦਾ ਹਿਸਾਬ ਰੱਖਣਾ ਸੌਖਾ ਹੋਵੇਗਾ।

ਗੈਸ ਸਿਲੰਡਰਾਂ ’ਚੋਂ ਨਿਕਲੀ ਸ਼ਰਾਬ ! ਹੋਸ਼ ਉਡਾ ਦੇਵੇਗਾ ਪੂਰਾ ਮਾਮਲਾ

ਲੁਧਿਆਣਾ 12 ਫਰਵਰੀ। ਥਾਣਾ ਲਾਡੋਵਾਲ ਦੇ ਇਲਾਕੇ ਤੋਂ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਸਪੈਸ਼ਲ ਸੈੱਲ ਦੀ ਪੁਲਸ ਨੇ ਗੈਸ ਸਿਲੰਡਰਾਂ ਵਿਚ ਭਰ ਕੇ ਨਾਜਾਇਜ਼ ਸ਼ਰਾਬ ਸਪਲਾਈ ਕਰਨ ਜਾ ਰਹੇ ਕੈਂਟਰ ਚਾਲਕ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਸੀ. ਪੀ. ਇਨਵੈਸਟਿਗੇਸ਼ਨ ਹਰਪਾਲ ਸਿੰਘ ਤੇ ਏ. ਡੀ. ਸੀ. ਪੀ. ਇਨਵੈਸਟਿਗੇਸ਼ਨ ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਪੈਸ਼ਲ ਸੈੱਲ ਦੇ ਇੰਚਾਰਜ ਹਰਪ੍ਰੀਤ ਸਿੰਘ ਦੇਹਲ ਦੀ ਪੁਲਸ ਟੀਮ ਗਸ਼ਤ ਦੌਰਾਨ ਥਾਣਾ ਲਾਡੋਵਾਲ ਦੇ ਇਲਾਕੇ ਵਿਚ ਮੌਜੂਦ ਸੀ। ਇਸ ਦੌਰਾਨ ਬਾਈਪਾਸ ਰੋਡ ’ਤੇ ਪੁਲਸ ਟੀਮ ਨੇ ਇਕ ਕੈਂਟਰ ਚਾਲਕ ਨੂੰ ਚੈਕਿੰਗ ਲਈ ਰੋਕਿਆ। ਜਦੋਂ ਪੁਲਸ ਟੀਮ ਨੇ ਉਕਤ ਕੈਂਟਰ ਦੀ ਤਲਾਸ਼ੀ ਲਈ ਤਾਂ ਗੱਡੀ ਅੰਦਰ 6 ਕਰਮਸ਼ੀਅਲ ਗੈਸ ਸਿਲੰਡਰ ਪਏ ਸਨ। ਜਦੋਂ ਪੁਲਸ ਟੀਮ ਨੇ ਉਕਤ ਗੈਸ ਸਿਲੰਡਰਾਂ ਨੂੰ ਖੋਲ੍ਹ ਕੇ ਵੇਖਿਆ ਤਾਂ ਉਸ ਦੇ ਅੰਦਰੋਂ ਵੱਖ-ਵੱਖ ਕੰਪਨੀ ਦੀਆਂ 122 ਪੇਟੀਆਂ ਸ਼ਰਾਬ ਬਰਾਮਦ ਹੋਈਆਂ। ਇਸ ਮਗਰੋਂ ਪੁਲਸ ਨੇ ਤੁਰੰਤ ਕੈਂਟਰ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਦੀ ਪਛਾਣ ਪ੍ਰਕਾਸ਼ ਸਿੰਘ ਪੁੱਤਰ ਰਤਨਲਾਲ ਵਾਸੀ ਪਿੰਡ ਜਾਟੋਂ ਕਾ ਵਿਹੜਾ ਬਾੜਮੇਰ ਰਾਜਸਥਾਨ ਵਜੋਂ ਹੋਈ ਹੈ। ਇਸ ਮਗਰੋਂ ਪੁਲਸ ਨੇ ਉਕਤ ਮੁਲਜ਼ਮ ਦੇ ਖ਼?ਲਾਫ਼ ਥਾਣਾ ਲਾਡੋਵਾਲ ਵਿਚ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅੱਜ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ, ਤਾਂ ਜੋ ਮੁਲਜ਼ਮ ਤੋਂ ਅੱਗੇ ਦੀ ਪੁੱਛਗਿੱਛ ਕੀਤੀ ਜਾ ਸਕੇ। ਇਸ ਦਾ ਖ਼ੁਲਾਸਾ ਪੁਲਸ ਆਉਣ ਵਾਲੇ ਦਿਨਾਂ ਵਿਚ ਕਰ ਸਕਦੀ ਹੈ। ਡੀ. ਸੀ. ਪੀ. ਹਰਪਾਲ ਸਿੰਘ ਤੇ ਏ. ਡੀ. ਸੀ. ਪੀ. ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਨਾਜਾਇਜ਼ ਸ਼ਰਾਬ ਦੇ ਨਾਲ ਜਿਸ ਮੁਲਜ਼ਮ ਪ੍ਰਕਾਸ਼ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਪਿਛਲੇ ਕਈ ਸਾਲਾਂ ਤੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਦਾ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ’ਤੇ ਪਹਿਲਾਂ ਤੋਂ ਹੀ ਗੁਜਰਾਤ ਤੇ ਰਾਜਸਥਾਨ ਵਿਚ ਨਾਜਾਇਜ਼ ਸ਼ਰਾਬ ਦੇ ਚਾਰ ਮਾਮਲੇ ਦਰਜ ਹਨ, ਜਿਸ ਵਿਚ ਮੁਲਜ਼ਮ ਜ਼ਮਾਨਤ ’ਤੇ ਬਾਹਰ ਆਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਵੱਲੋਂ ਜਿਸ ਤਰ੍ਹਾਂ ਕਮਰਸ਼ੀ?ਲ ਗੈਸ ਸਿਲੰਡਰਾਂ ਅੰਦਰ ਨਾਜਾਇਜ਼ ਸ਼ਰਾਬ ਸਪਲਾਈ ਕੀਤੀ ਜਾ ਰਹੀ ਹੈ, ਇਸ ਬਾਰੇ ਮੁਲਜ਼ਮ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਅਜਿਹੇ ਗੈਸ ਸਿਲੰਡਰ ਕਿੱਥੋਂ ਲਿਆਂਦੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਇਸ ਗਿਰੋਹ ਦਾ ਅਗਲਾ ਪਿਛਲਾ ਸਾਰਾ ਰਿਕਾਰਡ ਚੈੱਕ ਕੀਤਾ ਜਾ ਰਿਹਾ ਹੈ।

ਲਤੀਫ਼ਪੁਰਾ ’ਚ ਭੁੱਖਿਆ ਮਾਹੌਲ ! ਟੈਂਕੀ ’ਤੇ ਚੜ੍ਹ ਗਈਆਂ ਬੀਬੀਆਂ, ਸਰਕਾਰ ਨੂੰ ਲਾਹਣਤਾਂ ਪਾ ਰਹੇ ਲੋਕ

ਕੌਮੀ ਪੜ੍ਹਿਕਾ

ਜਲੰਧਰ 12 ਫਰਵਰੀ। ਜਲੰਧਰ ਸ਼ਹਿਰ ਦੇ ਲਤੀਫ਼ਪੁਰਾ ਵਿਚ ਇੰਪਰੂਵਮੈਂਟ ਟਰੱਸਟ ਨੇ ਦਸੰਬਰ 2022 ਵਿੱਚ ਗੈਰ-ਕਾਨੂੰਨੀ ਮਕਾਨਾਂ ਨੂੰ ਢਾਹ ਦਿੱਤਾ ਸੀ। ਉਥੇ ਹੀ ਅੱਜ ਡਿਪਟੀ ਕਮਿਸ਼ਨਰ ਦੇ ਹੁਕਮਾਂ ’ਤੇ ਕਬਜ਼ੇ ਹਟਾਉਣ ਲਈ ਸਵੇਰ ਤੋਂ ਹੀ ਲਤੀਫ਼ਪੁਰਾ ਖੇਤਰ ਦੀ ਨਾਕਾਬੰਦੀ ਕਰਕੇ ਕਬਜ਼ੇ ਨੂੰ ਖਾਲੀ ਕਰਵਾਇਆ ਗਿਆ। ਲਤੀਫ਼ਪੁਰਾ ਦੇ ਵਸਨੀਕ ਪੰਜਾਬ ਮੰਡੀ ਬੋਰਡ ਦੀ ਇਕ ਪਾਣੀ ਦੀ ਟੈਂਕੀ ’ਤੇ ਚੜ੍ਹ ਗਏ, ਜਿੱਥੇ ਉਹ ਵਿਰੋਧ ਕਰ ਰਹੇ ਸਨ। ਇਕ ਔਰਤ ਟੈਂਕੀ ’ਤੇ ਚੜ੍ਹਦੇ ਸਮੇਂ ਬੇਹੋਸ਼ ਹੋ ਗਈ। ਲੋਕਾਂ ਵੱਲੋਂ ਪਾਣੀ ਦੀ ਟੈਂਕੀ ’ਤੇ ਚੜ੍ਹ ਕੇ ਵਿਰੋਧ ਕਰਨ ਕਾਰਨ ਮਾਮਲਾ ਇਕ ਵਾਰ ਫਿਰ ਗਰਮਾ ਗਿਆ